# ਕਹਾਣੀਆਂ ਦੀ ਪਟਾਰੀ



ਪ੍ਰੋ: ਅਜੀਤ ਸਿੰਘ ਬੀਮਾ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਰੁਬਾਈਆਂ ਦੀ ਪਟਾਰੀ

ਲੇਖਕ :

ਅਜੀਤ ਸਿੰਘ ਚੀਮਾ

Sri Satguru Jagjit Singh Ji eLibrary NamdhariElibrary@gmail.com

ਰੁਬਾਈਆਂ ਦੀ ਪਟਾਰੀ

ਅਜੀਤ ਸਿੰਘ ਚੀਮਾ, ਨੈਸ਼ਨਲ ਐਵਾਰਡੀ
V. Busowal
P.O. Sultanpur Lodhi
Distt. Kapurthala

© ਲੇਖਕ

ਪਹਿਲੀ ਵਾਰ : ੧੯੯੭

ਕੰਪੋਜ਼ਿੰਗ :
ਛਾਬੜਾ ਕੰਪੋਜ਼ਿੰਗ ਹਾਊਸ
219, ਭਾਈ ਦਿੱਤ ਸਿੰਘ ਨਗਰ,
ਜਲੰਧਰ । ਫੋਨ : 226877

ਮੁੱਲ : ਪੇਪਰ ਬੈਕ : ੨੫ ਰੁਪਏ

Sri Satguru Jagjit Singh Ji eLibrary NamdhariElibrary@gmail.com

# ਮੌਲਿਕ ਕਵੀ ਅਜੀਤ ਸਿੰਘ ਚੀਮਾ

ਸ਼. ਅਜੀਤ ਸਿੰਘ ਚੀਮਾ ਨੂੰ ਮੈਂ ਵਿਵਿਧ ਰੂਪਾਂ ਵਿਚ ਵੇਖਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜਦੋਂ ਸਾਡਾ ਬਚਪਨਾ ਸੀ ਤਾਂ ਇਹਨਾਂ ਨੂੰ ਸਤਿਗੁਰੂ ਜੀ ਦੇ ਬਹੁਤ-ਨਿਕਟੀ ਵਿਅਕਤੀ ਵਜੋਂ ਜਾਣਿਆ। ਫਗਵਾੜੇ ਦੇ ਵਿਸ਼ਵਕਰਮਾ ਮੰਦਰ ਮੇਲੇ ਵਿਚ ਇਹਨਾਂ ਦੀ ਜਵਾਨ ਦਿੱਖ ਅਜੇ ਤਕ ਯਾਦ ਹੈ। ਇਹਨਾਂ ਦਾ ਸਟੇਜ ਪਰਬੰਧ ਅਤੇ ਭਾਸ਼ਣ ਕਲਾ ਮੈਂ ਪਹਿਲੀ ਵਾਰ ਉਦੋਂ ਹੀ ਨੇੜਿਓਂ ਮਹਿਸੂਸ ਕੀਤੇ ਸਨ। ਮਹੇੜੂ ਪਿੰਡ ਜਲੰਧਰ ਤੋਂ ਲਾਗੇ ਹੀ ਹੈ ਚਹੇੜੂ ਸਟੇਸ਼ਨ ਦੇ ਕੋਲ। ਉਸ ਜਗਹ ਸਾਡਾ ਜਾਣ ਆਉਣ ਸੀ ਅਤੇ ਚੀਮਾ ਜੀ ਉਥੇ ਨਿਵਾਸ ਰਖਦੇ ਸਨ। ਅਸੀਂ ਮਹੇੜੂ ਨੂੰ ਮਾਸਟਟ ਅਜੀਤ ਸਿੰਘ ਜੀ ਵਾਲਾ ਮਹੇੜੂ ਆਖਦੇ ਸੀ। ਮਾਸਟਰ ਅਜੀਤ ਸਿੰਘ ਨਾਲ ਦੇ ਪਿੰਡ ਪੜ੍ਹਾਉਂਦੇ ਸਨ ਅਤੇ ਇਹਨਾਂ ਦੀ ਖੁਸ਼ਬੋਈ ਅੰਤ ਦਿੱਲੀ ਤੱਕ ਜਾ ਪੁੱਜੀ ਜਦੋਂ ਇਹਨਾਂ ਨੂੰ ਕੌਮੀ ਪੱਧਰ ਤੇ ਅਧਿਆਪਨ ਕਾਰਜ ਵਾਸਤੇ ਇਨਾਮ ਮਿਲਿਆ। ਇਹ ਇਹਨਾਂ ਦੇ ਪਿੰਡ, ਇਲਾਕੇ ਅਤੇ ਪੰਜਾਬ ਵਾਸਤੇ ਤਾਂ ਮਾਣ ਵਾਲੀ ਗੱਲ ਹੈ ਹੀ ਸੀ ਇਹ ਨਾਮਧਾਰੀ ਪੰਥ ਵਾਸਤੇ ਵੀ ਬਹੁਤ ਫ਼ਖਰ ਵਾਲੀ ਗੱਲ ਸੀ। ਮਾਸਟਰ ਜੀ ਦਾ ਮਿਲਣ ਦਾ ਸੁਭਾਅ ਅੱਜ ਤਕ ਹਰ ਇਕ ਨੂੰ ਆਪਣੇ ਵੱਲ ਖਿੱਚਦਾ ਹੈ ਅਤੇ ਇਹਨਾਂ ਵਿਚ ਕੰਮ ਕਰਨ ਦੀ ਜ਼ਬਰਦਸਤ ਲਗਨ ਹੈ। ਮਿਹਨਤ ਅਤੇ ਉੱਦਮ ਇਹਨਾਂ ਦਾ ਵਿਸ਼ੇਸ਼ ਖਾਸਾ ਹੈ ਅਤੇ ਕਦੇ ਵੀ ਇਹਨਾਂ ਆਲਸ ਨੂੰ ਲਾਗੇ ਨਹੀਂ ਆਉਣ ਦਿੱਤਾ। ਇਕ ਰੂਪ ਇਹਨਾਂ ਦਾ ਸਾਧਨਾ ਵਾਲਾ ਹੈ। ਅੰਮ੍ਰਿਤ ਵੇਲੇ ਉਠ ਕੇ ਸੁਕੇਸ ਇਸ਼ਨਾਨ ਕਰਕੇ, ਚੌਕੜਾ ਲਾ ਕੇ ਭਜਨ ਕਰਨਾ ਇਹਨਾਂ ਦਾ ਨਿੱਤ ਕਰਮ ਹੈ ਅਤੇ ਇਹਨਾਂ ਨੇ ਸਿਮਰਨ ਦਾ ਬਹੁਤ ਅਭਿਆਸ ਕੀਤਾ ਹੈ—ਘੰਟਿਆਂਬੱਧੀ। ਇਕ ਰੂਪ ਸੰਗੀਤ ਸਾਧਕ ਦਾ ਹੈ। ਮਾਸਟਰ ਰਤਨ ਹੋਰਾਂ ਪਾਸੋਂ ਇਹ ਹਦੀਆਬਾਦ ਜਾ ਕੇ ਸ਼ਾਸਤਰੀ ਸੰਗੀਤ ਦੀ ਬਕਾਇਦਾ ਸਿਖਿਆ ਲੈਂਦੇ ਰਹੇ ਹਨ। ਇਹ ਕਿੱਤੇ ਵਜੋਂ ਕੁਸ਼ਲ ਅਧਿਆਪਕ ਨਾ ਹੁੰਦੇ ਤਾਂ ਹੋ ਸਕਦਾ ਸੀ ਅੱਜ ਇਹ ਪੰਜਾਬ ਦੇ ਪ੍ਰਸਿੱਧ ਸੰਗੀਤਕਾਰ ਹੁੰਦੇ।

ਫੇਰ ਇਹਨਾਂ ਦਾ ਇਕ ਰੂਪ ਯਾਤਰੀ ਦਾ ਵੀ ਹੈ। ਇਹਨਾਂ ਵੱਖ ਵੱਖ ਥਾਵਾਂ ਦੀ ਬਹੁਤ ਯਾਤਰਾ ਕੀਤੀ ਹੈ। ਇਕ ਅੱਧ ਵਾਰ ਇਹਨਾਂ ਦਾ ਸਾਥੀ ਮੈਨੂੰ ਵੀ ਬਨਣਾ ਪਿਆ। ਕਹਿੰਦੇ ਹਨ ਕਿ ਬੰਦਾ ਓਨਾ ਸਿਆਣਾ ਹੁੰਦਾ ਹੈ ਜਿੰਨਾ ਉਹ ਯਾਤਰਾ ਕਰਦਾ ਹੈ। ਜ਼ਿੰਦਗੀ ਦਾ ਤਜਰਬਾ ਇਨਸਾਨ ਨੂੰ ਯਾਤਰਾ ਕਰਕੇ ਹੀ ਹੁੰਦਾ ਹੈ।

ਇਹਨਾਂ ਦਾ ਇਕ ਬਿੰਬ ਨੇਤਾ ਦਾ ਵੀ ਹੈ। ਕਈ ਸਾਲ ਇਹ ਨਾਮਧਾਰੀਆਂ ਦੀ ਪ੍ਰਮੁਖ ਯੁਵਾ ਸ਼ਕਤੀ ਨਾਮਧਾਰੀ ਵਿਦਿਅਕ ਜੱਥੇ ਦੇ ਸਫਲ ਪ੍ਰਧਾਨ ਵੀ ਰਹੇ। ਇਸ ਸਮੇਂ ਇਹਨਾਂ ਥਾਂ ਥਾਂ ਜਾ ਕੇ ਇਸ ਸੰਸਥਾ ਨੂੰ ਜਥੇਬੰਦ ਕੀਤਾ ਕਈ ਵੱਡੇ ਵੱਡੇ ਸੰਮੇਲਨ ਕਰਵਾਏ ਅਤੇ ਇਸ ਜਥੇ ਨੂੰ ਸਤਿਗੁਰੂ ਜੀ ਦੀ ਕਿਰਪਾ ਨਾਲ ਪੈਰਾਂ ਤੇ ਖੜਿਆਂ ਕੀਤਾ।

ਇਹਨਾਂ ਦਾ ਇਕ ਰੂਪ ਹੈ ਸਮਰਪਿਤ ਸਿੱਖ ਦਾ। ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਨੂੰ ਮੁਖ ਰਖਦਿਆਂ ਇਹਨਾਂ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਦੇ ਪ੍ਰਿੰਸੀਪਲ ਦੀ ਸੇਵਾ ਨੂੰ ਸਵੀਕਾਰਿਆ ਅਤੇ ਇਸ ਅਦਾਰੇ ਨੂੰ ਪੂਰੀ ਲਗਨ, ਮਿਹਨਤ ਅਤੇ ਈਮਾਨਦਾਰੀ ਨਾਲ ਆਪਣੇ ਪੈਰਾਂ ਤੇ ਖੜਾ ਕੀਤਾ। ਅਕੈਡਮੀ ਨੇ ਇਹਨਾਂ ਦੇ ਸੇਵਾ ਕਾਲ ਵਿਚ ਆਪਣੀ ਨਵੇਕਲੀ ਪਹਿਚਾਣ ਬਣਾਈ।

ਪਰ ਮੌਲਿਕ ਰੂਪ ਵਿਚ ਆਪ ਇਕ ਕਵੀ ਹਨ। ਪੁਰਾਣੇ ਤੋਂ ਪੁਰਾਣਾ 'ਸਤਿਜੁਗ' ਦਾ ਕੋਈ ਵਿਸ਼ੇਸ਼ ਅੰਕ ਚੁੱਕ ਲਵੋ। ਉਸ ਵਿਚ ਚੀਮਾ ਜੀ ਦੀ ਕੋਈ ਨਾ ਕੋਈ ਕਵਿਤਾ ਜਾਂ ਲੇਖ ਮਿਲ ਜਾਵੇਗਾ। ਸਾਹਿਤ ਲੇਖਣ ਦੀ ਪਹੁਲ ਇਹਨਾਂ ਨੇ ਪ੍ਰਸਿੱਧ ਨਾਮਧਾਰੀ ਸਾਹਿਤਕਾਰ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਤੋਂ ਪ੍ਰਾਪਤ ਕੀਤੀ। ਨਾਮਧਾਰੀ ਪੰਥ ਦੇ ਅਨੇਕਾ ਮਹਾਂਪੁਰਸ਼ਾਂ ਨਾਲ ਜ਼ਾਤੀ ਸੰਬੰਧ ਅਤੇ ਵਿਰਸੇ ਵਿਚੋਂ ਮਿਲੀ ਜਾਣਕਾਰੀ ਇਹਨਾਂ ਦੇ ਗਿਆਨ ਭੰਡਾਰ ਦੀ ਅਮੀਰੀ ਹਨ। ਇਹੀ ਕਾਰਨ ਹੈ ਕਿ ਇਹਨਾਂ ਦੀਆਂ ਕਾਵਿ ਰਚਨਾਵਾਂ ਦਾ ਗਾਇਣ ਨਾਮਧਾਰੀ ਦੀਵਾਨਾਂ ਵਿਚ ਅਕਸਰ ਹੁੰਦਾ ਹੈ। ਇਸ ਸੰਗ੍ਰਹਿ ਵਿਚਲੀਆਂ ਬਹੁਤੀਆਂ ਰੁਬਾਈਆਂ ਅਗੇ ਹੀ ਲੋਕਾਂ ਦੀ ਜੁਬਾਨ ਤੇ ਚੜ੍ਹੀਆਂ ਹੋਈਆਂ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਇਹਨਾਂ ਰੁਬਾਈਆਂ ਦਾ ਸੰਗ੍ਰਹਿ ਪੁਸਤਕ ਰੂਪ ਵਿਚ ਹੋਇਆ ਹੈ। ਉਂਝ ਚੀਮਾ ਜੀ ਵਲੋਂ ਰਚੀਆ ਵਾਰਾਂ, ਕਬਿੱਤ, ਬੈਂਤ, ਗ਼ਜ਼ਲਾਂ ਅਤੇ ਸਿੰਘਾਵਲੋਕਵ ਛੰਦਾਂ ਵਿਚ ਰਚਨਾਵਾਂ ਵੀ ਹਰਮਨ ਪਿਆਰੀਆਂ ਹਨ।

ਕਵਿਤਾ ਦੇ ਇਸ ਪਿਛੋਕੜ ਦੇ ਨਾਲ ਨਾਲ ਬਹੁਤ ਸਾਰੇ ਕਵੀਆਂ ਨਾਲ ਜ਼ਾਤੀ ਵਾਕਫੀ ਨੇ ਇਹਨਾਂ ਨੂੰ ਕਵੀ ਦਰਬਾਰਾਂ ਦੇ ਸੰਚਾਲਕ ਵਜੋਂ ਵੀ ਸਥਾਪਤ ਕੀਤਾ ਹੈ। ਡੂੰਘੀ ਦਿਲਚਸਪੀ ਲੈ ਕੇ ਕਵੀਆਂ ਨਾਲ ਸੰਪਰਕ ਕਰਕੇ ਕਵੀ ਦਰਬਾਰਾਂ ਦਾ ਆਯੋਜਨ ਕਰਨਾ ਅਤੇ ਵੱਖ ਵੱਖ ਵਰਗਾਂ ਅਤੇ ਦ੍ਰਿਸ਼ਟੀਆਂ ਦੇ ਕਵੀਆਂ ਨੂੰ ਇਕ ਮਾਲਾ ਦੇ ਮਣਕੇ ਵਾਂਗ ਸਟੇਜ ਤੇ ਪੇਸ਼ ਕਰਨਾ ਬਹੁਤ ਜਾਨ ਜੋਖੋਂ ਦਾ ਕੰਮ ਹੈ ਜੋ ਚੀਮਾ ਜੀ ਕਰਦੇ ਹਨ।

ਚੀਮਾ ਜੀ ਦੀਆਂ ਰਚਨਾਵਾਂ ਵੱਖ ਵੱਖ ਰਸਾਲਿਆ ਵਿਚ ਭਾਵੇਂ ਲੰਮੇ ਸਮੇਂ ਤੋਂ ਛਪਦੀਆਂ ਰਹੀਆਂ ਹਨ, ਪਰ ਪੁਸਤਕ ਲੇਖਕ ਦੇ ਰੂਪ ਵਿਚ ਇਹਨਾਂ ਨੇ ਆਪਣੀ ਪਲੇਠੀ ਪੁਸਤਕ 'ਬ੍ਰਿਹਾ' ਦੇ ਪ੍ਰਕਾਸ਼ਨ ਨਾਲ ਪ੍ਰਵੇਸ਼ ਕੀਤਾ ਹੈ। ਇਹ ਪੁਸਤਕ ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਹਥਲੀ ਪੁਸਤਕ ਤੋਂ ਇਲਾਵਾ ਮਹਾਂਪੁਰਖਾਂ ਦੀਆਂ ਜੀਵਨੀਆਂ ਤੇ ਆਧਾਰਤ ਇਕ ਪੁਸਤਕ ਅਤੇ ਗ਼ਜ਼ਲਾਂ ਦੀ ਇਕ ਪੁਸਤਕ ਵੀ ਛਪਾਈ ਦੀ ਉਡੀਕ ਵਿਚ ਹਨ।

ਕਿਸੇ ਵੀ ਲੇਖਕ ਦੀ ਕ੍ਰਿਤ ਦਾ ਜੱਜ ਉਸ ਦਾ ਪਾਠਕ ਹੁੰਦਾ ਹੈ। ਕਿਸੇ ਦੀ ਸਿਫਾਰਸ਼ ਜਾਂ ਭੂਮਿਕਾ ਪੁਸਤਕ ਦੇ ਗੁਣ ਦੋਸ਼ਾਂ ਤੇ ਅਸਰ ਅੰਦਾਜ਼ ਨਹੀਂ ਹੁੰਦੀ। ਜੋ ਕ੍ਰਿਤ ਪਾਠਕ ਨੇ ਪਰਵਾਨ ਕਰ ਲਈ ਉਹ ਪਰਵਾਨ ਹੈ। ਆਲੋਚਕ ਸਮੀਖਿਅਕ ਅਤੇ ਭੂਮਿਕਾ ਲੇਖਕ ਜੋ ਮਰਜ਼ੀ ਲਿਖਦਾ ਰਹੇ।

ਚੀਮਾ ਜੀ ਲੰਮੇ ਸਮੇਂ ਤੋਂ ਅਪਣੇ ਮਿੱਤਰ ਹਨ। ਇਹਨਾਂ ਦੀ ਇਸ ਪੁਸਤਕ "ਰੁਬਾਈਆਂ ਦੀ ਪਟਾਰੀ" ਨੂੰ ਜੀ ਆਇਆਂ ਆਖਦਿਆਂ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਜੀ ਇਹਨਾਂ ਦੀ ਕਲਮ ਨੂੰ ਹੋਰ ਵੀ ਜ਼ੋਰ ਬਖਸ਼ਣ ਤਾਂ ਜੋ ਇਹ ਪੰਥ, ਸਮਾਜ ਅਤੇ ਲੋਕਾਈ ਦੀ ਸੇਵਾ ਕਰਦੇ ਰਹਿਣ।

ਜਗਦੀਸ਼ ਸਿੰਘ
ਸੰਪਾਦਕ 'ਵਰਿਆਮ'

**12-5-97**



Sri Satguru Jagjit Singh Ji eLibrary NamdhariElibrary@gmail.com

## ਕੁਝ ਸ਼ਬਦ

ਰੁਬਾਈ ਦੇ ਚੌਵੀ ਵਜ਼ਨ ਹੁੰਦੇ ਹਨ। ਇਹ ਚਾਰ ਮਿਸਰਿਆਂ ਦੀ ਹੁੰਦੀ ਹੈ। ਤਿੰਨ ਮਿਸਰੇ ਇੱਕੋ ਜਿਹੇ ਹਨ। ਰੁਬਾਈ ਦਾ ਵਜ਼ਨ ਬਹਿਰ ਹਜਜ਼ ਨਾਲ ਖਾਸ ਮਖਲੂਸ ਹੈ। ਜੇ ਕਰ ਇਨ੍ਹਾਂ ਚੌਵੀ ਬਹਿਰਾਂ ਤੋਂ ਜੇ ਕਿਸੇ ਹੋਰ ਵਜ਼ਨ ਵਿਚ ਰੁਬਾਈ ਬੰਨ੍ਹੀ ਜਾਵੇਂ ਤਾਂ ਉਹ ਰੁਬਾਈ ਨਹੀਂ, ਪਰ ਅੱਜ ਕਲ੍ਹ ਦੇ ਲਿਖਾਰੀ ਇਸ ਗੱਲ ਨਾਲ ਸਹਿਮਤ ਨਹੀਂ ਮੇਰੇ ਦਿਮਾਗ ਵਿਚ ਉਸਰੋ ਖਿਆਲ ਦੀਆਂ ਕਈ ਰੁਬਾਈਆਂ ਘੁੰਮਦੀਆਂ ਰਹੀਆਂ। ਜਦ ਮੈਂ ਗਿਆਨੀ ਪਾਸ ਕੀਤੀ ਤਾਂ ਗਿਆਨੀ ਦੇ ਕੋਰਸ ਵਿਚ ਸ: ਮੋਹਣ ਸਿੰਘ ਦੀਵਾਨਾ ਜੀ ਦੀ ਪੁਸਤਕ ਮਸਤੀਆਂ, ਪੜ੍ਹੀ ਬੱਸ ਮੈਨੂੰ ਵੀ ਰੁਬਾਈ ਲਿਖਣ ਦਾ ਸ਼ੌਕ ਜਾਗਿਆ। ਆਪਣੇ ਉਸਤਾਦ ਸੰਤ ਇੰਦਰ ਸਿੰਘ ਜੀ ਚੱਕਰਵਤੀ ਤੋਂ ਕੁਝ ਸੇਧ ਲਈ ਪਰ ਮੇਰੀ ਤਮੰਨਾ ਦੱਬੀ ਰਹੀ। ਪੰਜਾਬੀ ਦੇ ਪ੍ਰਸਿੱਧ ਲਿਖਾਰੀ ਸਰਜੀਤ ਖੁਰਸ਼ੀਦੀ ਦੀ ਸੰਗਤ ਹੋਈ। ਉਨ੍ਹਾਂ ਮੇਰੀਆਂ ਰੁਬਾਈਆਂ ਪੜ੍ਹ ਕੇ ਰੁਬਾਈਆਂ ਦੀ ਪੁਸਤਕ ਲਿਖਣ ਲਈ ਪ੍ਰੇਰਨਾ ਦਿੱਤੀ। ਮੇਰੇ ਪਿਤਾ ਸੂਬਾ ਸੋਹਣ ਸਿੰਘ ਜੀ ਦੀ ਕ੍ਰਿਪਾ ਨਾਲ ਸ਼ਬਦਾਂ ਦਾ ਭੰਡਾਰ ਕਾਫੀ ਸੀ। ਮੇਰੀ ਲੜਕੀ ਬਰਿੰਦਰ ਤੇ ਪਤਨੀ ਜੋਗਿੰਦਰ ਕੌਰ ਨੇ ਲਿਖਤੀ ਕੰਮ ਵਿਚ ਕਾਫੀ ਮਦਦ ਕੀਤੀ।

ਗੁਰੂ ਘਰ ਤੇ ਗੁਰਬਾਨੀ ਦਾ ਅਥਾਹ ਪਿਆਰ ਸੀ ਇਸ ਲਈ ਮੈਂ ਇਹ ਰੁਬਾਈ ਲਿਖੀ—

ਬਾਣੀ ਦੇ ਸਾਨੂੰ ਬਾਨਾ ਕੋਹਿਆ
ਅਸੀਂ ਘਰੇ ਬਣੇ ਬਨਵਾਸੀ
ਦੁਰਮਤ ਮੈਲ ਸੁਮੱਤ ਵਿਚ ਬਦਲੀ
ਸਾਡੀ ਹੋ ਗਈ ਬੰਦ ਖਲਾਸੀ
ਦੁੱਖ ਸੁੱਖ ਦੋਨੋ ਸਮਕਰ ਜਾਣੇ
ਅਸੀ ਬਣੇ ਮਲੰਗ ਗੁਰ ਘਰ ਦੇ
ਚੀਮਾ ਹੋਵੇ ਗੁਰਾਂ ਦੀ ਕ੍ਰਿਪਾ
ਅਸੀਂ ਬੇਗਮ ਪੁਰੇ ਦੇ ਵਾਸੀ

ਸਮਾਜ ਦੀ ਨਿੱਘਰਦੀ ਹਾਲਤ ਵੇਖ ਕੇ ਮੈਂ ਇਸ ਤਰ੍ਹਾਂ ਲਿਖਿਆ :

ਕਈ ਭਰ ਭਰ ਕੇ ਜਾਮ ਪੀਂਦੇ, ਲੈ ਕੇ ਸਾਕੀ ਤੋਂ
ਕਈ ਗਰੀਬਾਂ ਦਾ ਲਹੂ ਪੀਂਦੇ, ਕੰਮ ਲੈ ਕੇ ਚਲਾਕੀ ਤੋਂ
ਬੜੇ ਅਫਸੋਸ ਦੀ ਗੱਲ ਏ, ਜੋ ਖਾ ਰਹੀ ਦਿਲ ਨੂੰ
ਕਈਆਂ ਦੀ ਲਾਸ਼ ਨੰਗੀ ਏ, ਕਫਨ ਦੀ ਟਾਕੀ ਤੋਂ

ਔਰਤ ਨੂੰ ਬਰਾਬਰੀ ਦੇਣ ਲਈ ਬੜੇ ਯਤਨ ਹੋ ਰਹੇ ਹਨ ਪਰ ਅਜੇ ਵੀ ਬੇਅੰਤ ਕੁੜੀਆਂ ਦਹੇਜ ਦੀ ਬਲੀ ਚੜ੍ਹ ਰਹੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਮੇਰੀ ਰੁਬਾਈ ਇਸ ਤਰ੍ਹਾਂ ਹੈ :

ਮਰਦ ਦੀ ਸੇਵਾ ਕਰਨੀ ਲਿਖਿਆ ਹੈ
ਔਰਤ ਦੇ ਸੁਭਾ ਵਿਚ
ਮਰਦ ਲਈ ਰੋਸ਼ਨੀ ਰਖੀ
ਇਸ ਆਪਣੀ ਸ਼ੁਆ ਵਿਚ
ਔਰਤ ਨੇ ਮਰਦ ਤੋਂ ਇੱਜ਼ਤ ਕੁਰਬਾਨ ਕੀਤੀ ਏ
ਫਿਰ ਵੀ ਇਹ ਪੈਰ ਦੀ ਜੁੱਤੀ ਮਰਦ ਦੀ ਨਿਗਾਹ ਵਿਚ

ਇਸ ਸੰਸਾਰ ਵਿਚ ਬੇਦਰਦ ਇਨਸਾਨਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਬੰਦਿਆਂ ਨੂੰ ਮੂਲੀ ਗਾਜਰ ਵਾਂਗ ਟੁਕਿਆ ਜਾ ਰਿਹਾ ਹੈ। ਕਈ ਲੋਕ ਰੋਂਦੇ ਨੂੰ ਵੇਖ ਕੇ ਹਮਦਰਦੀ ਵੀ ਨਹੀਂ ਕਰਦੇ ਤਾਂ ਇਉਂ ਲਿਖਿਆ :

"ਦਰਦਮੰਦ ਜੋ ਦਰਦ ਵਿਚ ਸ਼ਰੀਕ ਨਹੀਂ ਹੁੰਦਾ
ਉਹ ਬੰਦਾ ਕਦੀ ਕਾਬਲੇ ਤਾਰੀਫ਼ ਨਹੀਂ ਹੁੰਦਾ
ਪੱਥਰ ਦਿਲ ਜੋ ਕਿਸੇ ਤੇ ਤਰਸ ਨਹੀਂ ਖਾਂਦਾ
ਉਹ ਬਸ਼ਰ ਕਦੀ ਚੀਮਿਆਂ ਸ਼ਰੀਫ ਨਹੀਂ ਹੁੰਦਾ।"

ਆਪਣੇ ਮੁਰਸ਼ਦ ਦੇ ਪਿਆਰ ਨੂੰ ਵੀ ਅੱਖੋਂ ਪਰੇ ਨਹੀਂ ਕੀਤਾ। ਸਾਰੇ ਕਾਰਜ ਕਰਦਿਆਂ ਵੀ ਆਪਣੇ ਗੁਰੂ ਦੀ ਯਾਦ ਨਹੀਂ ਭੁੱਲੀ ਅਤੇ ਸੁਆਸ ਇਉਂ ਯਾਦ ਆਉਂਦੀ ਰਹੀ।

ਤੇਰੀ ਯਾਦ ਸਜਨਾਂ ਆਉਂਦੀ ਏ ਘੜੀ ਘੜੀ
ਸੁੱਤਿਆਂ ਨੂੰ ਜਗਾਉਂਦੀ ਹੈ ਘੜੀ ਘੜੀ

ਹਕੀਕੀ ਇਸ਼ਕ ਨੂੰ ਵੀ ਕਈ ਥਾਈਂ ਬਿਆਨ ਕੀਤਾ ਹੈ। ਪੰਜਾਬੀ ਦੀਆਂ ਕਹਾਵਤਾਂ ਵੀ ਕਈ ਲਿਖੀਆਂ ਹਨ। ਜਿਵੇਂ :

ਛੋਟੀ ਛੋਟੀ ਵਿਰਲ ਦੇ ਦਰਾੜ ਬਣਦੇ ਨੇ
ਖੰਬਾਂ ਦੇ ਵੱਡੇ ਵੱਡੇ ਡਾਰ ਬਣਦੇ ਨੇ
ਜ਼ਮਾਨੇ ਦੀ ਕੁਝ ਫਿਤਰਤ ਹੀ ਬਦਲੀ ਏ
ਏਥੇ ਤਾਂ ਝੱਟ ਰਾਈ ਪਹਾੜ ਬਣਦੇ ਹਨ।

ਇਹ ਮੇਰੀ ਦੂਸਰੀ ਪੁਸਤਕ ਹੈ। ਇਸ ਵਿਚ ਕਈ ਗ਼ਲਤੀਆਂ ਸੁਭਾਵਕ ਹੀ ਰਹਿ ਗਈਆਂ ਹੋਣਗੀਆਂ। ਪਰ ਫਿਰ ਵੀ ਯਤਨ ਕੀਤਾ ਹੈ ਕਿ ਪੰਜਾਬੀ ਸਾਹਿਤ ਨੂੰ ਇਹ ਪੁਸਤਕ ਦੇ ਕੇ ਪੰਜਾਬੀ ਮਾਂ ਨੂੰ ਪ੍ਰਨਾਮ ਕਰ ਸਕਾਂ।

ਅਜੀਤ ਸਿੰਘ
ਨੈਸ਼ਨਲ ਐਵਾਰਡੀ ,ਚੀਮਾ
ਪਿੰਡ—ਬੂਸੋਵਾਲ
ਡਾਕਖਾਨਾ—ਸੁਲਤਾਨਪੁਰ ਲੋਧੀ
ਜ਼ਿਲ੍ਹਾ—ਕਪੂਰਥਲਾ।



Sri Satguru Jagjit Singh Ji eLibrary NamdhariElibrary@gmail.com

ਮੇਰੇ ਦਿਲ ਦੀ ਇਹ ਤਮੰਨਾ ਏ।
ਮੇਰੀ ਬਣੀ ਰਹੇ ਪ੍ਰਤੀਤ ਗੁਰੂ।
ਮੇਰਾ ਚਿੱਤ ਚਰਨਾਂ ਨਾਲ ਰਹੇ ਜੁੜਿਆ।
ਮੇਰੀ ਨਿੱਭ ਜਾਏ ਸੱਚੀ ਪ੍ਰੀਤ ਗੁਰੂ।
ਮੇਰਾ ਇਲਮ ਤੇ ਬੁੱਧੀ ਸੂਝਬੂਝ।
ਮੇਰਾ ਲਿਖਣਾ ਪੜ੍ਹਨਾ ਕਵਿਤਾ ਸਭ,
ਏ ਦਾਤ ਤੇਰੀ ਜਗਜੀਤ ਗੁਰੂ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

੧. ਕਿਸ ਨੂੰ ਹਾਲ ਸੁਣਾਵਾਂ ਆਪਣਾ
ਤੇ ਕੌਣ ਦਿਲਾਂ ਦੀਆਂ ਬੁੱਝੇ।
ਕਿਰ ਕਿਰ ਅੱਥਰੂ ਮੋਤੀਆਂ ਵਰਗੇ
ਨੈਣ ਮੇਰੇ ਨੇ ਸੁੱਜੇ।
ਤੜਪ-ਤੜਪ ਮੇਰੀ ਤੜਪ ਨਾ ਬੁੱਝੀ
ਮੈਂ ਰਹਾਂ ਵਿਆਕੁਲ ਹਰਦਮ।
"ਚੀਮਾਂ" ਨਹੀਂ ਇਲਾਜ ਉਨ੍ਹਾਂ ਦਾ
ਜੋ ਰੋਗ ਦਿਲਾਂ ਨੂੰ ਗੁੱਝੇ।

○

੨. ਸੋਚ ਸੋਚ ਅਸੀਂ ਹੋ ਗਏ ਪਾਗਲ
ਅਸੀਂ ਹੋਰ ਸੋਚ ਨਹੀਂ ਸਕਦੇ।
ਹਿਜਰਾਂ ਦੇ ਅਸੀਂ ਨਾਲ ਜਮੂਰਾਂ
ਹੁਣ ਮਾਸ ਨੋਚ ਨਹੀਂ ਸਕਦੇ:
ਮਨ ਮੇਰਾ ਜੋ ਮਾਰ ਉਡਾਰੀ,
ਜਾ ਅਸਮਾਨੀਂ ਚੜ੍ਹਿਆ।
ਓੱਡਦੇ ਮਨ ਨੂੰ ਬੁੱਕ ਕਰ ਚੀਮਾਂ
ਅਸੀਂ ਹੱਥੀਂ ਬੋਚ ਨਹੀਂ ਸਕਦੇ।

○

੩. ਘੁਣ ਵਾਗੂੰ ਏ ਪੀੜ ਪੁਰਾਣੀ, ਦਿਲ ਨੂੰ ਖਾਈ ਜਾਵੇ।
ਮੂਰਖ ਮਨ ਨੂੰ ਸਮਝ ਨਾ ਆਵੇ, ਮੁੜ ਮੁੜ ਚੋਟਾਂ ਖਾਵੇ।
ਜਾਂ ਤਾਂ ਮੇਰਾ ਮਹਿਰਮ ਮਿਲ ਪਏ, ਦਰਦ ਦਿਲੇ ਦਾ ਮੁੱਕੇ।
ਜਾਂ "ਚੀਮਾਂ" ਪ੍ਰਦੇਸ ਸਿਧਾਈਏ, ਜਾਂ ਲੈ ਲਏ ਮੌਤ ਬੁਲਾਵੇ।

○



Sri Satguru Jagjit Singh Ji eLibrary NamdhariElibrary@gmail.com

੪. ਬਹੁਤ ਸਮਾਂ ਅਸਾਂ ਚੁੱਪ ਹੈ ਵੱਟੀ,
ਅਸੀ ਹੋ ਗਏ ਚੁੱਪ ਚਪੀਤੇ ।
ਦਿਲ ਦੀ ਪੀੜ ਨਪੀੜ ਕੇ ਰੱਖੀ,
ਅਸਾਂ ਬੁੱਲ੍ਹ ਵਿਚਾਰੇ ਸੀਤੇ ।
ਹੋਸ਼ ਗਵਾ ਲਈ ਆਪਣੀ "ਚੀਮਾ"
ਕੁੱਝ ਕਹਿ ਮੂੰਹੋਂ ਨਹੀਂ ਸਕਦੇ,
ਅਸਾਂ ਰਾਜ਼ ਛਪਾਣ ਵਾਸਤੇ ਦਿਲ ਦਾ
ਜ਼ਹਿਰ ਪਿਆਲੇ ਪੀਤੇ ।

○

੫. ਕਿਸ ਨੂੰ ਦੱਸਾਂ ਹਾਲ ਦਿਲ ਦੇ ਜਾਨੀਆ ।
ਗਮ ਦੇ ਵਹਿਣਾਂ ਵਿਚ ਮੈਂ ਡੁੱਬ ਡੁੱਬ ਜਾਨੀਆਂ ।
ਸਮਝਦੀ ਸਾਂ ਦਿਲ ਦਾ ਜਾਨੀ ਚੀਮਿਆਂ
ਪਰ ਤੂੰ ਕਦਰ ਪਿਆਰ ਦੀ ਨਾ ਜਾਣੀਆਂ ।

○

੬. ਕੀ ਮਿਲੇਗਾ ਦੱਸ, ਸਾਨੂੰ ਲੂਣ ਵਾਂਗ ਖੋਰ ਕੇ ।
ਇਸ਼ਕ ਵਿੱਚ ਨਹੀਂ ਵੇਖਦੇ, ਕੱਚੇ ਪੱਕੇ ਨੂੰ ਠੋਰ ਕੇ ।
ਉਮਰ ਭਰ ਤੂੰ ਵੇਖਿਆ ਨਹੀਂ ਚੀਮਿਆ ਬੀਮਾਰ ਨੂੰ,
ਹੰਝੂ ਕਾਹਨੂੰ ਕੇਰਨੈਂ, ਹੱਥੀਂ ਜਨਾਜ਼ਾ ਤੋਰ ਕੇ ।

○

੭. ਤੇਰੇ ਮੇਰੇ ਪਿਆਰ ਵਿੱਚ ਲੱਖਾਂ ਨੇ ਚੰਨਾ ਦੂਰੀਆਂ ।
ਕਿੰਨਾਂ ਚਿਰ ਉਡੀਕਦੀ ਕਾਂਵਾਂ ਨੂੰ ਪਾਵਾਂ ਚੂਰੀਆਂ ।
ਕਿਸ ਤਰ੍ਹਾਂ ਮੰਜ਼ਲ ਨੂੰ ਪਾਵਾਂ, ਸਮਝ ਕੁਝ ਆਉਂਦੀ ਨਹੀਂ,
ਰਸਤਿਆਂ ਵਿੱਚ ਚੀਮਿਆ ਨੇ ਔਕੜਾਂ ਮਜਬੂਰੀਆਂ ।

○



Sri Satguru Jagjit Singh Ji eLibrary NamdhariElibrary@gmail.com

੮. ਕਿਸੇ ਨੂੰ ਆਪਣੀ ਵਿਥਿਆ ਸੁਨਾਣ ਦਾ ਜੁੱਗ ਨਹੀਂ।
ਦੁੱਖੀ ਨੂੰ ਵੇਖ ਕੇ ਮੁਸਕਰਾਣ ਦਾ ਜੁੱਗ ਨਹੀਂ,
ਮੂੰਹ ਦੇ ਮਿੱਠਿਆ, ਦਿਲ ਦੇ ਕਾਲਿਆਂ ਤੋਂ ਬਚੀਂ
ਹਰ ਕਿਸੇ ਨੂੰ ਆਪਣਾ ਬਨਾਣ ਦਾ ਇਹ ਜੁੱਗ ਨਹੀਂ।

○

੯. ਕਿਸੇ ਮਗਰੂਰ ਨੂੰ ਬੁਲਾਣ ਤੋਂ ਕੀ ਥੁੜਿਐ ?
ਬੇਵਫ਼ਾ ਨੂੰ ਵਫ਼ਾ ਵਿਖਾਣ ਤੋਂ ਕੀ ਥੁੜਿਐ ?
ਜਿਸ ਨੂੰ ਸੱਚੇ ਪਿਆਰ ਦੀ ਕਦਰ ਨਹੀਂ ਹੈ ਚੀਮਿਆਂ,
ਬੇਕਦਰੇ ਨੂੰ ਆਪਣਾ ਬਨਾਣ ਤੋਂ ਕੀ ਥੁੜਿਆ ?

○

੧੦. ਖੁਸ਼ਕ ਜ਼ਿੰਦਗੀ ਇਨਸਾਨ ਦੀ ਮੁੱਕਦੀ ਨਹੀਂ,
ਦੁੱਖੀ ਇਨਸਾਨ ਦੀ ਅੱਖ ਕਦੇ ਸੁੱਕਦੀ ਨਹੀਂ।
ਬਨਾਉਟੀ ਹਾਸਿਆਂ ਨੂੰ ਕਿੰਨਾਂ ਲੁਕਾਓ ਚੀਮਿਆ,
ਪਰ ਦਿਲ ਦੀ ਉਦਾਸੀ ਲੁਕਾਇਆਂ ਲੁੱਕਦੀ ਨਹੀਂ।

○

੧੧. ਵਿਸਾਹ ਕਰਕੇ ਚਲਾਕਾਂ 'ਤੇ, ਭਲੇ ਨਿੱਤ ਮਾਰ ਖਾਂਦੇ ਨੇ।
ਧੋਖਾ ਬੇਵਫ਼ਾਵਾਂ ਤੋਂ, ਸਦਾ ਹੁਸ਼ਿਆਰ ਖਾਂਦੇ ਨੇ।
ਫੁੱਲਾਂ ਤੇ ਖਾਰਾਂ ਨੂੰ ਮੈਂ ਰਲ ਕੇ ਬੈਠਿਆ ਤਕਿਐ,
ਪਰ ਬੰਦੇ ਤੋਂ ਬੰਦੇ ਚੀਮਿਆ ਕਿਉਂ ਖਾਰ ਖਾਂਦੇ ਨੇ ?

○



Sri Satguru Jagjit Singh Ji eLibrary NamdhariElibrary@gmail.com

੧੨. ਹਿਜ਼ਰ ਤੇਰੇ ਵਿਚ ਮਾਹੀਆ,
ਨਾ ਜਿਉਂਦੀ ਨਾ ਮਰਦੀ।
ਮਿਲਿਆ ਕਿਤੇ ਮਹਿਬੂਬ ਨਾ ਮੇਰਾ,
ਮੈਂ ਖਾਕ ਛਾਣੀ ਦਰ ਦਰ ਦੀ।
ਹੋਵੇ ਜੇ ਕੋਈ ਦਰਦੀ ਦਿਲ ਦਾ,
ਦਰਦ ਦਿਲੇ ਦਾ ਵੰਡੇ,
ਦਮ ਮਹਿਰਮ ਦੀ ਪਾਵੇ "ਚੀਮਾ"
ਮੈਂ ਸਮਝਾਂ ਉਸ ਨੂੰ ਦਰਦੀ।

○

੧੩. ਕਿਸੇ ਬੇਦਰਦ ਨੂੰ ਦਰਦਮੰਦ ਕਹਿਣਾ ਕਿੰਨਾ ਬੁਰਾ ਏ ?
ਕਿਸੇ ਝੂਠੇ ਦੇ ਭਰੋਸੇ ਤੇ ਬਹਿਣਾ ਕਿੰਨਾ ਬੁਰਾ ਏ ?
'ਚੀਮਾ' ਕੁਝ ਸੋਚ ਕੇ ਵੇਖੋ ਐ ਦੁਨੀਆ ਦੇ ਲੋਕੋ ?
ਜਬਰ ਦੇ ਸਾਹਮਣੇ ਝੁੱਕ ਕੇ ਰਹਿਣਾ ਕਿੰਨਾ ਬੁਰਾ ਏ ?

○

੧੪. ਦਿਲ ਦੇ ਜਾਨੀ ਮੇਰੇ ਪ੍ਰੀਤਮ ਪਿਆਰੇ
ਅਸੀਂ ਦੀਦ ਤੇਰੀ ਦੇ ਪਿਆਸੇ।
ਹਿਜਰ ਤੇਰੇ ਵਿਚ ਭੁੱਲ ਗਏ
ਸਾਨੂੰ ਸਾਰੇ ਖੁਸ਼ੀਆਂ ਹਾਸੇ।
ਸਾਰੀ ਦੁਨੀਆਂ ਸਾਨੂੰ ਸੁੰਨੀ ਦਿੱਸਦੀ
ਕੋਈ ਨਾ ਦੇਵੇ ਢਾਰਸ,
ਦਰਸ ਤੇਰੇ ਦੀ ਭੀਖ ਲਈ
ਅਸਾਂ ਨੈਣ ਬਣਾ ਲਏ ਕਾਸੇ।

○



Sri Satguru Jagjit Singh Ji eLibrary NamdhariElibrary@gmail.com

੧੫. ਵਿਰਲੇ ਹੈਨ ਜੋ ਗੱਲ ਕਰਦੇ ਨੇ ਦਾਨਾਈ ਦੀ,
ਆ ਰਹੀ ਹੈ ਫੈਸ਼ਨ 'ਚ ਬੋ ਬੇਹਯਾਈ ਦੀ ।
ਬਾਹਰੋਂ ਸਾਫ ਰਹਿਣਾ ਗੱਲ ਬੁਰੀ ਨਹੀਂ "ਚੀਮਾ",
ਪਰ ਕਦੀ ਤਾਂ ਗੱਲ ਕਰ ਅੰਦਰ ਦੀ ਸਫਾਈ ਦੀ ।

○

੧੬, ਸੱਚ ਦਾ ਦੂਰ ਤੱਕ ਨਿਸ਼ਾਨ ਨਹੀਂ ਰਿਹਾ ।
ਦਰਦਵੰਦ ਕੋਈ ਇਨਸਾਨ ਨਹੀਂ ਰਿਹਾ ।
ਬਰੀਕ ਬੀਨੀ ਨਾਲ ਮੈਂ ਤੱਕਿਆ ਏ "ਚੀਮਾ"
ਕਿਧਰੇ ਧਰਮ ਤੇ ਈਮਾਨ ਨਹੀਂ ਰਿਹਾ ।

○

੧੭. ਪਰੇਸ਼ਾਨੀਆਂ 'ਚ ਕੋਈ ਗੱਲ ਸੁੱਝਦੀ ਨਹੀਂ ।
ਤਿਫ਼ਲ ਤਸੱਲੀਆਂ 'ਚ ਰੂਹ ਰੁੱਝਦੀ ਨਹੀਂ ।
ਇਹ ਸੱਚ ਹੈ "ਚੀਮਾ", ਸ਼ੱਕ ਨਹੀਂ ਰਾਈ,
ਹਿਜ਼ਰ ਦੀ ਅੱਗ ਵਸਲ ਬਿਨਾਂ ਬੁੱਝਦੀ ਨਹੀਂ ।

○

੧੮. ਨਾ ਪੁੱਛ ਇਹ ਦਰਦ ਦੀ ਮੇਰੀ ਕਹਾਣੀ ।
ਗ਼ਮਾਂ ਨੇ ਮੇਰੇ ਅੰਦਰ ਹੈ ਤਣੀ ਤਾਣੀ ।
ਸਰਦ ਆਹਾਂ ਦਾ ਹੋਇਆ ਹੈ ਅਸਰ "ਚੀਮਾ"
ਠੰਡਾ ਠਾਰ ਹੋ ਗਿਆ ਮੇਰੇ ਹੰਝੂਆਂ ਦਾ ਪਾਣੀ ।

○



Sri Satguru Jagjit Singh Ji eLibrary NamdhariElibrary@gmail.com

੧੯. ਕੋਈ ਨੇਕੀ ਕਰਕੇ ਹੈ ਅੰਦਰ ਲੁਕਾਏ
ਕੋਈ ਮੂਰਖ ਕਰਨੀ ਨੂੰ ਘਰ-ਘਰ ਸੁਣਾਏ ।
ਕਦਰ ਕੀਮਤ ਓਸੇ ਭਲਾਈ ਦੀ ਹੁੰਦੀ
ਜੋ ਕਰਕੇ ਨਾ ਅਹਿਸਾਸ "ਚੀਮਾ" ਜਤਾਏ ।

੨੦. ਮੌਤ ਕਿਸੇ ਦਾ ਲਿਹਾਜ਼ ਨਹੀਂ ਕਰਦੀ ।
ਮੁਰਦਾ ਕੂੰਜ ਕਦੀ ਪ੍ਰਵਾਜ਼ ਨਹੀਂ ਕਰਦੀ ।
ਮੌਤ ਦਾ ਇੱਕ ਦਿਨ ਮੁਕਰਰ ਹੈ "ਚੀਮਾ",
ਮੌਤ ਨੇਕ ਬਦ ਦਾ ਇਮਤਿਆਜ਼ ਨਹੀਂ ਕਰਦੀ ।

੨੧. ਮਰਨਾ ਸੱਚ ਝੂਠ ਹੈ ਜੀਣਾ
ਇਸ ਵਿੱਚ ਸ਼ੱਕ ਨਾ ਕੋਈ ।
ਪਰ ਤੂੰ ਜੀਣਾ ਸੱਚ ਸਮਝਿਆ
ਕੀ ਤੇਰੀ ਚਤਰਾਈ ।
ਨੇਕੀ ਕੋਈ ਨਾ ਜੱਗ ਵਿਚ ਕੀਤੀ
ਉਮਰ ਗਵਾ ਲਈ ਐਵੇਂ ।
"ਚੀਮਾ" ਏਥੋਂ ਜਾਣ ਲੱਗਾ ਤੂੰ, ਲੈ ਤੁਰਿਆ ਬੁਰਿਆਈ ।



Sri Satguru Jagjit Singh Ji eLibrary NamdhariElibrary@gmail.com

੨੨. ਘੜੀ ਘੜੀ ਘੜੀ ਵੱਲ ਤੱਕੇਂ
ਹੁਣ ਮੁੱਕ ਗਈਆਂ ਨੇ ਘੜੀਆਂ।
ਜਿਉਂਦੇ ਰਹਿਣ ਲਈ ਤੂੰ ਬੰਦੇ,
ਕਈ ਘਾੜਤਾਂ ਘੜੀਆਂ।
ਕਾਲ ਬਲੀ ਜਦ ਮੂੰਹ ਦਿਖਾਇਆ
ਫਿਰ-ਜੁਗਤ ਨਾ ਔੜੀ ਕੋਈ।
"ਚੀਮਾ" ਮਨ ਦੀਆਂ ਮਨ ਵਿਚ ਰਹੀਆਂ,
ਆਸਾਂ ਸਿਰੇ ਨਾ ਚੜ੍ਹੀਆਂ।

○

੨੩. ਉਮਰਾਂ ਦੇ ਸੁੱਖ ਭੋਗ ਕੇ ਮਰਨਾ
ਇਹ ਨਹੀਂ ਉਨੀ ਗੱਲ ਦੁਖਦਾਈ।
ਰੈਣ ਬਸੇਰਾ ਪਲ ਦਾ ਏਥੇ,
ਸਦਾ ਕਿਸੇ ਨਹੀਂ ਛਾਉਣੀ ਪਾਈ।
ਫੁੱਲਾਂ ਦਾ ਖਿੜਨਾ ਮੁਰਝਾਣਾ,
ਇਹ ਹੈ ਕਾਫੀ ਗੱਲ ਪੁਰਾਣੀ।
ਓਸ ਕਲੀ ਤੇ ਹਿਰਖ ਹੈ "ਚੀਮਾ"
ਜੋ ਬਿਨ ਖਿੜਿਆਂ ਮੁਰਝਾਈ।

○

੨੪. ਜੀਵਨ ਦੀ ਫੁਲਵਾੜੀ ਉੱਤੇ ਆਈ ਸਿਖਰ ਜਵਾਨੀ।
ਭਾਂਤ-ਭਾਂਤ ਦੇ ਫੁੱਲਾਂ ਵਿਚੋਂ ਉਠੇ ਮਹਿਕ ਨੁਰਾਨੀ
ਅਜ਼ਲ ਫਰਿਸ਼ਤੇ ਕਹਿਰ ਕਮਾਇਆ ਰੌਣਕ ਲੁੱਟ ਲਈ ਸਾਰੀ।
ਫੁੱਲ ਚਮਨ 'ਚੋਂ ਉਹ ਤੋੜਿਆ, ਜਿਸ ਨਾਲ ਹੋਈ ਵੀਰਾਨੀ।

○



Sri Satguru Jagjit Singh Ji eLibrary NamdhariElibrary@gmail.com

੨੫. ਬਚਪਨ ਗਿਆ ਤੇ ਜਵਾਨੀ ਹੈ ਆਈ
ਜਵਾਨੀ ਵੀ ਪਲ ਵਿਚ ਹੈ ਕੰਨੀ ਛਡਾਈ
ਹੋਏ ਵਾਲ ਚਿੱਟੇ ਤੇ ਜੁੱਸਾ ਵੀ ਝੁੱਕਿਆ
ਬੁੱਢਾਪੇ ਨੇ "ਚੀਮਾ" ਡੰਗੋਰੀ ਫੜਾਈ ।

○

੨੬. ਕਾਇਆ ਬਾਹਰੋਂ ਵੇਖਣ ਨੂੰ ਹੈ ਲੱਗੇ ਸੁੰਦਰ ਚਿੱਟੀ
ਹੱਡ ਨਾੜੀਆਂ ਖੂਨ ਤੇ ਚਰਬੀ ਮਾਸ ਦੇ ਨਾਲ ਲਪਿੱਟੀ
ਚਾਰ ਦਿਨਾਂ ਦਾ ਹੁਸਨ ਜ਼ਵਾਨੀ ਮਾਨ ਕਰੇ ਕੀ "ਚੀਮਾ"
ਰੂਹ ਉਡਾਰੀ ਲਾ ਗਈ ਜਿਸ ਦਮ, ਫਿਰ ਮਿੱਟੀ ਦੀ ਮਿੱਟੀ ।

○

੨੭. ਕੀ ਬੁਨਿਆਦ ਤੇਰੀ ਹੈ ਬੰਦਿਆ
ਤੂੰ ਮਾਨ ਕਰੇ ਕਿਸ ਗੱਲ ਦਾ ।
ਨਿੱਤ ਸਵੇਰ ਦੁਪਹਿਰ ਨਹੀਂ ਰਹਿਣੀ
ਇਹ ਸੂਰਜ ਜਾਂਦਾ ਢੱਲਦਾ ।
- ਅੱਜ ਦਾ ਦਿਨ ਅਜੇ ਹੈ ਬਾਕੀ
ਤੂੰ ਫਿਕਰ ਕਰੇਂ ਕਿਉਂ ਕੱਲ ਦਾ ।
ਠਹਿਰਨ ਨਹੀਂ ਮੁਨਾਸਿਬ "ਚੀਮਾਂ"
ਸਾਫ ਰਹੇ ਜਲ ਚੱਲਦਾ ।

○



Sri Satguru Jagjit Singh Ji eLibrary NamdhariElibrary@gmail.com

੨੮. ਬਾਣੀ ਦੇ ਸਾਨੂੰ ਬਾਣਾਂ ਕੋਹਿਆ
ਅਸੀਂ ਘਰ ਵਿਚ ਬਣੇ ਬਣਵਾਸੀ।
ਦੁਰਮਤ ਮੈਲ, ਸੁਮੱਤ ਵਿੱਚ ਬਦਲੀ
ਸਾਡੀ ਹੋ ਗਈ ਬੰਦ ਖਲਾਸੀ।
ਦੁੱਖ ਸੁੱਖ ਦੋਵੇਂ ਅਸਾਂ ਸਮ ਕਰ ਜਾਣੇ
ਅਸੀਂ ਬਣੇ ਮਲੰਗ ਗੁਰ ਘਰ ਦੇ।
"ਚੀਮਾ" ਹੋਈ ਗੁਰਾਂ ਦੀ ਕ੍ਰਿਪਾ
ਅਸੀਂ ਬੇਗਮਪੁਰੇ ਦੇ ਵਾਸੀ।

○

੨੯. ਲੋਕ ਸਦਾ ਸਤਿਕਾਰ ਨੇ ਦੇਂਦੇ
ਨੇਕ ਸੁਲਖਣੀ ਆਦਤ ਨੂੰ।
ਵਿੱਚ ਬੈਕੁੰਠਾਂ ਮਾਣ ਹੈ ਮਿਲਦਾ
ਰੱਬ ਦੀ ਸੱਚੀ ਅਬਾਦਤ ਨੂੰ।
ਪਰ ਜੋ ਦੇਸ਼ ਤੇ ਕੌਮ ਦੀ ਖਾਤਰ
ਜਾਮ ਸ਼ਹਾਦਤ ਪੀ ਲੈਂਦੇ।
ਨਮਸਕਾਰ ਨੇ ਕਰਦੇ "ਚੀਮਾ"
ਲੋਕੀ ਉਸ ਸ਼ਹਾਦਤ ਨੂੰ।

○

੩੦. ਬਿਗੜੀ ਤਕਦੀਰ ਸੁਵਾਰਨ ਲਈ
ਕੱਢ ਦਿਲ 'ਚੋਂ ਨਿੰਦਿਆ ਚੂਹੜੀ ਨੂੰ।
ਜੇ ਤੂੰ ਸੱਚ ਦੀ ਮੰਜ਼ਿਲ ਪਾਣੀ
ਤਾਂ ਛੱਡ ਦੇ ਹੈਂਕੜੀ ਕੂੜੀ ਨੂੰ।
ਇਹ ਜਨਮ ਜਨਮ ਦੀ ਮੈਲ ਜੋ ਲੱਗੀ
ਇਕ ਪਲ ਵਿਚ "ਚੀਮਾ" ਲਹਿ ਜਾਓਗੀ
ਤੂੰ ਕਾਮਲ ਮੁਰਸ਼ਦ ਸੰਤਾਂ ਦੀ,
ਮਸਤਕ ਤੇ ਲਾ ਲੇ ਧੂੜੀ ਨੂੰ।

○



Sri Satguru Jagjit Singh Ji eLibrary NamdhariElibrary@gmail.com

੩੧. ਮੈਂ ਸੋਨਾ ਮੇਰਾ ਰੰਗ ਸੁਨਹਿਰੀ
ਮੇਰਾ ਜੱਗ ਤੋਂ ਹੁਸਨ ਨਿਰਾਲਾ।
ਵਿੱਚ ਹਨੇਰੇ ਚਮਕਾਂ ਮਾਰਾਂ
ਤੇ ਹੁੰਦਾ ਖੂਬ ਉਜਾਲਾ।
ਸੁਨਿਆਰੇ ਮੇਰੀ ਕਦਰ ਨਾ ਜਾਣੀ
ਮੈਨੂੰ ਨਾਲ ਰੱਤੀ ਦੇ ਤੋਲੇ।
ਏਸ ਕਮੀਨੀ ਦਾ ਮੂੰਹ "ਚੀਮਾ"
ਹੈ ਤਵੇ ਤੋਂ ਕਾਲਾ।

○

੩੨. ਵੇ ਸੋਨੇ ਤੂੰ ਕਰ-ਕਰ ਆਕੜ
ਕਿਉਂ ਹੋਇਓਂ ਮਤਵਾਲਾ।
ਤੇਰੇ ਅੰਦਰ ਮਾਨ ਮਜ਼ਾਜ ਦੀ
ਭੜਕੇ ਤੇਜ਼ ਜਵਾਲਾ।
ਲਾਲ ਸੰਧੂਰੀ ਰੰਗ ਸੀ ਮੇਰਾ
ਸੁਨ ਵੇ ਸੋਨੇ ਪਾਪੀ।
ਤੇਰੀ ਨੀਚ ਦੀ ਸੰਗਤ ਕਰਕੇ
ਮੇਰਾ ਹੋ ਗਿਆ ਏ ਮੂੰਹ ਕਾਲਾ।

○

੩੩. ਸਰਫਰੋਸ਼ੀ ਦੀ ਤਮੰਨਾ
ਲੈ ਕੇ ਅਸੀਂ ਚਲੇ ਹਾਂ।
ਸਿਰ ਤਲੀ 'ਤੇ ਰੱਖ ਕੇ
ਮਕਤਲ ਦੇ ਵਿੱਚ ਖਲੋ ਹਾਂ।
ਅਸੀਂ ਤੂਫਾਨ ਨਾਲ ਟਕਰਾਉਣ ਵਾਲੇ
ਮੌਤੋਂ ਮੂਲ ਨਹੀਂ ਡਰਦੇ।
ਕਿਉਂਕਿ ਅਸੀਂ ਤਲਵਾਰਾਂ ਦੀ
ਛਾਂ ਹੇਠਾਂ ਪਲੇ ਹਾਂ।

○



Sri Satguru Jagjit Singh Ji eLibrary NamdhariElibrary@gmail.com

੩੪. ਸੜ ਗਏ ਹਾਂ ਅਸੀਂ ਇਸ਼ਕ ਦੀ ਧੁੱਪ ਵਿਚ।
ਗੁੰਮ ਹੋਏ ਹਾਂ, ਹਨੇਰੇ ਘੁੱਪ ਵਿੱਚ।
ਬਹੁਤ ਬਕਵਾਸੀ ਸਦਾ ਬਦਨਾਮ ਹੁੰਦਾ ਏ
ਸੌ ਸੁੱਖ ਹੈ "ਚਮਿਆ" ਇਕ ਚੁੱਪ ਵਿਚ।

○

੩੫. ਜ਼ਬਾਨ ਹੁੰਦਿਆਂ ਮੈਨੂੰ ਧਾਰਨੀ ਪਈ ਖਾਮੋਸ਼ੀ।
ਬਿਨਾਂ ਕਸੂਰ ਕੀਤੇ ਬਣ ਗਏ ਹਾਂ ਦੋਸ਼ੀ।
ਸਭ ਕੁਝ ਹੁੰਦਿਆਂ ਅਸੀਂ ਮੰਗਤੇ ਬਣੇ "ਚੀਮਾ"
ਦਿਨ ਰਾਤ ਖਾ ਰਹੀ ਘੁਣ ਵਾਂਗ ਨਮੋਸ਼ੀ।

○

੩੬. ਕਈ ਜਿਉਂਦੇ ਵੀ ਮਰੇ ਨੇ
ਕਈ ਮਰ ਕੇ ਵੀ ਨਹੀਂ ਮਰੇ ਨੇ।
ਜਿਨ੍ਹਾਂ ਵਿੱਚ ਗੈਰਤ ਤੇ ਅਣਖ ਨਹੀਂ "ਚੀਮਾ"
ਉਨ੍ਹਾਂ ਤੋਂ ਪਸ਼ੂ ਵੀ ਖਰੇ ਨੇ।

○

੩੭. ਪਸ਼ੂ ਵੀ ਮਾਲਕ ਦਾ ਹੱਕ ਅਦਾ ਕਰਦਾ ਏ।
ਖਾ ਕੇ ਉਸ ਦੇ ਹੱਕ ਵਿੱਚ ਦਵਾ ਕਰਦਾ ਏ।
ਬਹੁਤ ਵਿਰਲਾ ਹੈ ਕੋਈ ਇਨਸਾਨ "ਚੀਮਾ"
ਜੋ ਮਾਲਕ ਤੋਂ ਜਾਨ ਫਦਾ ਕਰਦਾ ਏ।

○



Sri Satguru Jagjit Singh Ji eLibrary NamdhariElibrary@gmail.com

੩੮. ਕਈ ਭਰ-ਭਰ ਕੇ ਜਾਮ ਪੀਂਦੇ ਨੇ ਮੰਗ ਕੇ ਸਾਕੀ ਤੋਂ ।
ਕਈ ਗਰੀਬਾਂ ਦਾ ਲਹੂ ਪੀਂਦੇ ਨੇ ਕੰਮ ਲੈ ਚਲਾਕੀ ਤੋਂ ।
ਬੜੇ ਅਫਸੋਸ ਦੀ ਗੱਲ ਏ "ਚੀਮਾ" ਜੋ ਖਾ ਰਹੀ ਦਿਲ ਨੂੰ
ਕਈਆਂ ਦੀ ਲਾਸ਼ ਨੰਗੀ ਏ ਕਫਨ ਦੀ ਇਕ ਟਾਕੀ ਤੋਂ ।

○

੩੯. ਜੇ ਮਰਦਾਂ ਦੀ ਤਰ੍ਹਾਂ ਜਿਊਣਾ ਹੈ
ਤਾਂ ਹੱਕ ਨੂੰ ਪ੍ਰਵਾਨ ਕਰ ।
ਝੂਠ ਤੋਂ ਕੰਨੀ ਕਤਰਾ
ਸਾਫ਼ ਗੱਲ ਬਿਆਨ ਕਰ ।
ਫੇਰ ਕਿਸੇ ਮਨਚਲ ਤੇ "ਚੀਮਾ"
ਤੂੰ ਪਹੁੰਚ ਜਾਏਗਾ ।
ਦੋਸਤਾਂ ਤੇ ਦੁਸ਼ਮਣਾਂ ਦੀ
ਪਹਿਲਾਂ ਜ਼ਰਾ ਪਹਿਚਾਰ ਕਰ ।

○

੪੦. ਜਿਸ ਦਾ ਫਲ ਖਾਓ, ਪਾਣੀ ਦਿਓ ਉਸ ਰੁੱਖ ਨੂੰ ।
ਮਰਦ ਵੰਡਦੇ ਨੇ ਹਮੇਸ਼ਾਂ ਦੂਜਿਆਂ ਦੇ ਦੁੱਖ ਨੂੰ ।
ਔਕੜਾਂ 'ਚ ਜੋ ਕਿਸੇ ਦੇ ਕੰਮ ਆਉਂਦਾ ਏ
ਯਾਦ ਰੱਖੋ ਚੀਮਾ ਓਸ ਪਰਮ ਮਨੁੱਖ ਨੂੰ ।

○

੪੧. ਧਰਮ ਦੇ ਬੁਰਕੇ 'ਚ ਨਾ ਕਰੋ ਅਯਾਸ਼ੀਆਂ ।
ਧਰਮੀਓਂ ਕੁਝ ਧਰਮ ਸਿੱਖੋ, ਨਾ ਕਰੋ ਬਦਮਾਸ਼ੀਆਂ ।
ਧਰਮ ਰਾਜ ਸਾਹਮਣੇ ਹੋਣਾ ਜਦੋਂ ਪਰਦਾ ਏ ਫਾਸ਼
ਮਿਲਣਗੀਆਂ "ਚੀਮਿਆ" ਉਥੇ ਸਜ਼ਾਵਾਂ ਖਾਸੀਆਂ ।

○



Sri Satguru Jagjit Singh Ji eLibrary NamdhariElibrary@gmail.com

੪੨. ਛੱਡ ਦਿਓ ਫਿਰਕਾਪ੍ਰਸਤੀ
ਨਾ ਕਰੋ ਐਵੇਂ ਫਸਾਦ।
ਕਿਸ ਵਿੱਚ ਨਹੀਂ ਰੱਬ ਦਾ ਨੂਰ ?
ਕਰ ਰਹੇ ਹੋ ਕਿਉਂ ਜਹਾਦ ?
ਆਜਜ਼ਾਂ ਦੇ ਖ਼ੂਨ ਨਾਲ
ਦਾਮਨ ਕਿਉਂ ਹੋ ਰੰਗ ਦੇ।
ਮਹਿਫਲਾਂ ਦਾ ਕ੍ਰਿਕਰਾ
ਕਿਉਂ ਕਰ ਰਹੇ "ਚੀਮਾ" ਸੁਆਦ।

○

੪੩. ਜ਼ਿੰਦਗੀ ਦੁੱਖਾਂ ਦਾ ਭਰਿਆ ਬਹਿਰ ਏ।
ਹਰ ਤਰਫ ਹੈ ਫੈਲਿਆ ਪਰੇਸ਼ਾਨੀਆਂ ਦਾ ਜ਼ਹਿਰ ਏ।
ਜਿਸ ਨੂੰ ਪੁੱਛੋ ਦੋਸਤੋ ਓਹੀ ਗ਼ਮਾਂ ਵਿੱਚ ਡੁੱਬਿਆ
ਹਰ ਤਰਫ ਹੀ "ਚੀਮਿਆ" ਈਰਖਾ ਤੇ ਵੈਰ ਏ।

○

੪੪. ਨੇਕੀ ਕਰਨ ਤੋਂ ਰਹੇਂ ਤੂੰ ਸੰਗਦਾ
ਤੂੰ ਬਦੀ ਕਰੇਂ ਭੱਜ-ਭੱਜ ਕੇ।
ਮਸਤੀ ਵਿੱਚ ਮਦਹੋਸ਼ ਰਹੇ ਤੂੰ
ਤੇ ਜਾਮ ਪੀਏਂ ਰੱਜ-ਰੱਜ ਕੇ।
ਮੌਤ ਭੁਲਾ ਕੇ ਗਾਫਲ ਹੋਇਓਂ
ਚਾਲ ਚਲੇ ਨਿੱਤ ਟੇਢੀ।
ਡਰ ਡੁੱਕਰ ਕੋਈ ਰਿਹਾ ਨਾ "ਚੀਮਾ"
ਤੇ ਪਾਪ ਕਰੇਂ ਸੱਜ ਧੱਜ ਕੇ।

○



Sri Satguru Jagjit Singh Ji eLibrary NamdhariElibrary@gmail.com

੪੫. ਕੀ ਹੈ ਸਾਰ ਉਨ੍ਹਾਂ ਨੂੰ ਰੱਬ ਦੀ
ਜੋ ਮਾਰ ਘੁਰਾੜੇ ਸੁੱਤੇ।
ਨਿੱਤ ਬਦੀਆਂ ਬਦਬੈਲੀ ਕਰਦੇ
ਭਾਵੇਂ ਵੱਜਣ ਸਿਰ ਵਿੱਚ ਜੁੱਤੇ।
"ਚੀਮਾ" ਹੋਸ਼ ਕਰੀਂ ਕੁਝ ਸੋਚੀ
ਕੋਈ ਗਲਤੀ ਕਰ ਨਾ ਬੈਠੀਂ।
ਜੇਕਰ ਦਾਮਨ ਕਾਲਾ ਹੋ ਗਿਆ
ਫਿਰ ਤੈਥੋਂ ਚੰਗੇ ਕੁੱਤੇ।

○

੪੬. ਉਠ ਬੈਠੇ ਨੇ ਵੇਖ ਲਉ ਮਾਂ ਦੇ, ਸੁੱਤੇ ਸ਼ੇਰ
ਆਲਸ ਦੀ ਏ ਪੰਡ ਨੇ, ਅਤੇ ਦਲਿਦਰੀ ਢੇਰ।
ਕੰਮ ਨਾ ਕਰਦੇ ਕਦੇ ਵੀ, ਹੈਨ ਪੁੱਤਰ ਲਾਡਲੇ
ਖਾ ਪੀ ਕੇ "ਚੀਮਿਆ" ਇਹ ਸੌਂ ਜਾਣਗੇ ਫੇਰ।

○

੪੭. ਐ ਬੁੱਢਾ ਇੱਕ ਤੁਰਿਆ ਜਾਂਦਾ
ਦੌੜਨ ਦੀ ਭੁੱਲ ਜਾਚ ਗਿਆ ਏ।
ਲੱਤਾਂ ਗੋਡੇ ਜੁੜ ਗਏ ਏਦ੍ਹੋ
ਜੋਬਨ ਪਤਰਾ ਵਾਚ ਗਿਆ ਏ।
ਇੱਕ ਅੱਲੜ ਜਹੇ ਮੁੰਡੇ ਆ ਕੇ
ਬਾਬੇ ਨੂੰ ਏ ਬਾਤ ਕਹੀ।
ਇਉਂ ਲਗਦੈ ਜਿਉਂ ਮਿੱਟੀ ਦੇ ਵਿਚ
ਤੇਰਾ ਕੁਝ ਗਵਾਚ ਗਿਆ।

○



Sri Satguru Jagjit Singh Ji eLibrary NamdhariElibrary@gmail.com

੪੮. ਠੀਕ ਹੈ ਪੁਤ੍ਰ ਉੜ ਉੜ ਕੇ, ਮੈਂ ਮਿੱਟੀ ਏ ਫਰੋਲ ਰਿਹਾਂ।
ਬਚਪਨ ਅਤੇ ਬੁੜਾਪੇ ਨੂੰ ਮੈਂ, ਤੱਕੜੀ ਦੇ ਵਿੱਚ ਤੋਲ ਰਿਹਾਂ।
ਭਰ ਜੋਬਨ ਦਾ ਹੀਰਾ "ਚੀਮਾ" ਏਥੇ ਕਿਤੇ ਗੁਆਚ ਗਿਆ।
ਤਾਂ ਹੀ ਤੇ ਮੈਂ ਕੋੜਾ ਹੋ ਕੇ ਘੱਟੇ ਵਿਚੋਂ ਟੋਲ ਰਿਹਾਂ।

○

੪੯. ਇਕ ਦਿਨ ਨੇ ਮੁਰਝਾਣੀਆਂ ਏ ਸੁੰਦਰ ਕਲੀਆਂ।
ਕਾਲ ਬਲੀ ਕਈ ਸੂਰਤਾਂ, ਪੈਰਾਂ ਵਿੱਚ ਦਲੀਆਂ।
ਅੱਗੇ ਰਾਹ ਵਿੱਚ ਜਾਣ ਦਾ ਕੁਝ ਬੰਨ ਲੈ ਤੋਸਾ।
ਨਹੀਂ ਤਾਂ "ਚੀਮਾ" ਮਲੇਂਗਾ ਹੱਥਾਂ ਦੀਆਂ ਤਲ਼ੀਆਂ।

○

੫੦. ਸਾਧੂ ਉਸਨੂੰ ਸਮਝ ਲਓ
ਜੋ ਹੈ ਸਤਵਾਦੀ
ਭੈ ਨ ਦੇਂਦਾ ਕਿਸੇ ਨੂੰ
ਨ ਡਰਨ ਦਾ ਆਦੀ
ਜੋ ਸੁੱਖ ਦੁੱਖ ਸਮ ਕਰ ਜਾਣਦਾ
ਉਹ ਬ੍ਰਹਮ ਗਿਆਨੀ
ਉਹਨੂੰ ਹਰਖ ਸੋਗ ਨਹੀਂ ਚੀਮਿਆ
ਨ ਗਮ ਤੇ ਸ਼ਾਦੀ

○



Sri Satguru Jagjit Singh Ji eLibrary NamdhariElibrary@gmail.com

੫੧. ਆਤਮਾ ਪ੍ਰਮਾਤਮਾ ਵਿਚ ਕੰਧ ਹੈ ਤੇਰੀ ਖੁਦੀ ?
ਤੇਰੇ ਅੰਦਰ ਈਰਖਾ ਤੇ ਵੈਰ ਦੀ ਗੰਦਗੀ ਸੁਦੀ ?
ਜੇ ਤੂੰ ਇਸ ਨੂੰ ਕੱਢ ਕੇ ਦਿਲ ਸਾਫ ਕਰ ਲਏ "ਚੀਮਿਆਂ"
ਫੇਰ ਤੈਨੂੰ ਭਾਸਨੀ ਨਹੀਂ ਉਸ ਤੋਂ ਸੂਰਤ ਜੁਦੀ ।

○

੫੨. ਯਾਦ ਤੇਰੀ ਵਿਚ ਰੋ-ਰੋ ਮਾਹੀਆ
ਮੇਰੀ ਅੱਖੀ ਪੈ ਗਏ ਮੁਕਰੇ
ਦਿਲ ਦੇ ਗੰਮ ਨੂੰ ਦੂਰ ਕਰਨ ਲਈ
ਮੈਂ ਰੋਵਾਂ ਬਹਿ ਬਹਿ ਨੁਕਰੇ
ਦਿਲ ਦੀ ਪੱਟੀ ਮੈਂ ਧੋਤੀ ਮਾਂਜੀ
ਤੇ ਕੀਤੀ ਖੂਬ ਸਫਾਈ
ਮਿੱਠੀ ਮਿੱਠੀ ਯਾਦ ਦੇ ਅੱਖਰ
"ਚੀਮੇ" ਉਸ ਤੇ ਉਕਰੇ

○

੫੩. ਕਾਲੇ ਕਰਮ ਤੇ ਕਰਤੂਤਾਂ ਦਾ
ਤੂੰ ਕਰ ਲਿਆ ਕੱਠਾ ਬੋਬਾ
ਨੇਕੀ ਕੋਈ ਨ ਕੀਤੀ ਜੱਗ ਵਿਚ
ਨ ਖੱਟੀ ਹੈ ਕੁਝ ਸੋਭਾ
ਬਖਸ਼ਨਹਾਰ ਬੜਾ ਹੈ ਨਾਨਕ
ਉਹ ਬਖਸ਼ ਲਵੇਗਾ ਤੈਨੂੰ
ਇਸ ਦਰਦੀ ਦੇ ਦਰ ਤੇ "ਚੀਮਾਂ"
ਤੂੰ ਕੰਨ ਫੜ ਕਹਿ ਦੇ ਤੋਬਾ

○



Sri Satguru Jagjit Singh Ji eLibrary NamdhariElibrary@gmail.com

੫੪. ਗਰੀਬਾਂ ਦਾ ਸਹਾਰਾ ਲੈ ਗਰੀਬੀ ਦਾ ਗਦਾ ਆਇਐ
ਹੰਗਤਾ ਦੇ ਬਿਮਾਰਾਂ ਲਈ ਉਹ ਬਣ ਕੇ ਤੇ ਦਵਾ ਆਇਐ
ਅੱਖਾਂ ਵਾਲਿਓ ਤੱਕੋ ਔ ਸੂਰਜ ਸੱਚ ਦਾ ਚੜ੍ਹਿਆ
ਬੰਦੇ ਦੇ ਰੂਪ ਅੰਦਰ ਨਾਨਕ ਖੁਦਾ ਆਇਐ

○

੫੫. ਬਹੁਤ ਜਖਮੀ ਹੋ ਗਏ
ਕੰਢੇ ਇਸ਼ਕ ਦੇ ਚੁੱਬ ਕੇ
ਨਿਕਲ ਸਕੇ ਨਹੀਂ ਅਜੇ ਉਹ
ਦਲ ਦਲ ਵਿਚੋਂ ਖੁੱਬ ਕੇ
ਕਈ ਨਿਭਾਂਦੇ ਇਸ਼ਕ ਨੂੰ
ਜੀਸ ਤਲੀ ਤੇ ਧਰ ਕੇ
ਸੋਹਣੀ ਲਾਜ ਇਸ਼ਕ ਦੀ ਰੱਖੀ
ਵਿਚ ਝਨਾ ਦੇ ਡੁੱਬ ਕੇ

○

੫੬. ਮਹੀਵਾਲ ਨੇ ਘੱਟ ਨਹੀਂ ਕੀਤੀ
ਉਸ ਆਪਣਾ ਫਰਜ਼ ਨਿਭਾਇਆ
ਮੱਛੀ ਦਾ ਉਸ ਲਾ ਬਹਾਨਾ
ਪੱਟ ਦਾ ਮਾਸ ਖੁਆਇਆ
ਮਾਰ ਛਲਾਂਗ ਝਨਾ ਵਿਚ ਡੁੱਬਾ
ਜਦ ਸੋਹਣੀ ਡੁੱਬਦੀ ਵੇਖੀ
ਸੱਚੇ ਆਸ਼ਕ ਨਾ ਅਸ਼ਕ ਬਹਾਏ
ਲਹਿਰਾਂ ਵਿਚ ਸਮਾਇਆ

○



Sri Satguru Jagjit Singh Ji eLibrary NamdhariElibrary@gmail.com

੫੭. ਝੂਠੇ ਆਸ਼ਕ ਜੱਗ ਵਿਚ ਵੇਖੇ
ਜੋ ਥਾਂ-ਥਾਂ ਗੰਦ ਖਲਾਰਨ
ਭੌਰੇ ਵਾਂਗ ਨਵੇਂ ਚਮਨ ਵਿਚ
ਲੁਕ ਲੁਕ ਝਾਤੀ ਮਾਰਨ
ਸਦਾ ਬਦੀ ਬਦਨਾਮੀ ਖੱਟਦੇ
ਭਟਕ ਭਟਕ ਮਰ ਜਾਵਨ
ਏਥੇ ਉਥੇ ਜੀਵਨ ਦੀ
ਉਹ "ਚੀਮਾ" ਬਾਜ਼ੀ ਹਾਰਨ

○

੫੮. ਜਿਨ੍ਹਾਂ ਤਾਤ ਪਰਾਈ ਕੱਢੀ
ਉਹ ਵੇਖਣ ਘੱਟ-ਘੱਟ ਤੈਨੂੰ
ਤੇਰੇ ਨਾਲ ਅਭੇਦ ਉਹ ਹੋ ਗਏ
ਹਰ ਦਮ ਰੱਟ-ਰੱਟ ਤੈਨੂੰ
ਤੀਜੀ ਅੱਖ ਉਨ੍ਹਾਂ ਦੀ ਖੁੱਲ ਗਈ
ਉਹ ਹੋ ਗਏ ਮਸਤ ਦੀਵਾਨੇ
"ਚੀਮਾਂ" ਦੇਰ ਨਾ ਹੋਈ ਮੂਲੋਂ
ਉਹ ਮਿਲ ਪਏ ਝੱਟ ਪੱਟ ਤੈਨੂੰ

○

੫੯. ਕੋਈ ਨਾ ਜਾਣੇ ਮੌਤ ਕਿਸੇ ਦੀ
ਕਿਵੇਂ ਕਿਸ ਤਰ੍ਹਾਂ ਆਉਣੀ
ਕਿਸ ਵੇਲੇ ਤੇ ਕਿਸ ਥਾਂ ਆ ਕੇ
ਇਸ ਨੇ ਸ਼ਕਲ ਵਿਖਾਉਣੀ
ਕਿਸੇ ਬੀਮਾਰੀ ਨਾਲ ਹੈ ਮਰਨਾ
ਦੁਰਘਟਨਾ ਕਿਸੇ ਡਰਾਉਣੀ
ਦੁਨੀਆਂ ਜਗਤ ਮੁਸਾਫਰਖਾਨਾ
ਇਥੋਂ ਖਲਕਤ ਸਭ ਪ੍ਰਾਹੁਣੀ

○



Sri Satguru Jagjit Singh Ji eLibrary NamdhariElibrary@gmail.com

੬੦. ਕਾਲ ਬਲੀ ਨ ਜਿਉਂਦਾ ਛੱਡੇ
ਸ਼ਾਹਾਂ ਅਤੇ ਗਰੀਬਾਂ ਨੂੰ
ਚੱਬਦਾ ਭੁੱਜੇ ਦਾਣਿਆਂ ਵਾਂਗੂ
ਕਵੀਆਂ ਅਤੇ ਅਦੀਬਾਂ ਨੂੰ
ਮੌਤ ਦਾ ਕੋਈ ਇਲਾਜ ਨ ਲੱਭਾ
ਵੈਦਾਂ ਅਤੇ ਤਬੀਬਾਂ ਨੂੰ
ਅੰਤ ਸਮੇਂ ਖੁਸ਼ ਜਾਂਦੇ ਸਾਧੂ
ਪਾਪੀ ਰੋਣ ਨਸੀਬਾਂ ਨੂੰ

○

੬੧. ਮਰ ਗਿਆ ਸੀ ਇਕ ਮਾਂ ਦਾ ਪੁੱਤ੍ਰ
ਉਹ ਨਿੱਤ ਕਬਰਾਂ ਵਿਚ ਜਾਵੇ
ਵਾਜਾਂ ਮਾਰ ਮਾਰ ਕੇ ਪੁੱਤ ਨੂੰ
ਉਹ ਸੁੱਤੇ ਤਾਂਈ ਜਗਾਵੇ
ਵੇ ਪੁੱਤ੍ਰਾਂ ਤੂੰ ਛੱਡ ਕੇ ਤੁਰ ਗਿਉ
ਤੇਰਾ ਗਮ ਜਿਗਰ ਨੂੰ ਖਾਂਵੇ
ਆਈ ਆਵਾਜ਼ ਕਬਰ ਚੋਂ "ਚੀਮਾਂ"
ਏਥੇ ਥੋ ਆਵੇ ਨ ਜਾਵੇ

○

੬੨. ਮਾਇਆ ਖਾਤਰ ਮਾਂ ਦਾ ਜਾਇਆ
ਵਲ ਪ੍ਰਦੇਸ਼ ਸਿਧਾਇਆ
ਵੱਲ ਛੱਲ ਕਰ ਕੇ ਕਿਸੇ ਏਜੰਟ
ਉਨ੍ਹੂੰ ਅਰਬ ਦੇ ਵਿਚ ਪਹੁੰਚਾਇਆ
ਗੋਲੀ ਉਸ ਨੂੰ ਕਿਸੇ ਦੁਸ਼ਟ ਦੀ
ਮੌਤ ਦੀ ਗੋਦ ਸਲਾਇਆ
ਐਸੀ ਉਡਨੀ ਉਡਿਆ "ਚੀਮਾਂ"
ਉਹ ਫਿਰ ਵਤਨੀ ਨਹੀਂ ਆਇਆ

○



Sri Satguru Jagjit Singh Ji eLibrary NamdhariElibrary@gmail.com

੬੩. ਇਕ ਦਿਨ ਤਾਰ ਡਾਕੀਏ ਦਿੱਤੀ
ਉਹਨੂੰ ਪੜ੍ਹ ਕੇ ਮਾਤਾ ਰੋਈ
ਮੌਤ ਸੁਣੀ ਜਾਂ ਪੁੱਤ ਦੀ ਉਸਨੇ
ਉਦੋਂ ਦਰਦ ਕਲੇਜੇ ਹੋਈ
ਤੜਪ ਤੜਪ ਕੇ ਬੌਰੀ ਹੋ ਗਈ
ਉਹ ਨ ਜਿਉਂਦੀ ਨ ਮੋਈ
ਪੁੱਤਰਾਂ ਦੇ ਸੱਲ ਜਿਗਰੇ ਵਾਲਾ
"ਚੀਮਾਂ" ਝੱਲਦਾ ਕੋਈ

○

੬੪. ਕਦੀ ਸਮਾਂ ਸੀ ਦੀਦ ਤੇਰੀ ਦੇ, ਭਰ ਭਰ ਮਿਲਣੇ ਪੈਮਾਨੇ
ਬਿਨਾ ਪੀਤੀਓ ਮਸਤ ਸਨ, ਹੋ ਜਾਂਦੇ ਮਸਤਾਨੇ
ਜਾਮ ਸਰਾਹੀਆਂ ਭੰਨ੍ਹ ਕੇ ਸਾਰੇ ਹੋਸ਼ ਗਵਾ ਕੇ ਸਾਡੀ
"ਚੀਮਾਂ" ਸਾਜਨ ਦੂਰ ਤੁਰ ਗਿਆ, ਬੰਦ ਕਰਕੇ ਮੈਖਾਨੇ

○

੬੫. ਨੀ ਸਜਨੀ ਤੂੰ ਕਿਤਨੀ ਕੋਮਲ
ਤੇਰੀ ਸੂਰਤ ਪਿਆਰੀ ਪਿਆਰੀ
ਹਰ ਅਦਾ ਤੇਰੀ ਜੱਗ ਤੋਂ ਵਖਰੀ
ਤੂੰ ਲਗਦੀ ਪਿਆਰੀ ਪਿਆਰੀ
ਕਮਲ ਦੀ ਪਤੀਆਂ ਵਾਂਗੂ ਬੱਲੀਆਂ
ਅਤੇ ਨੈਣ ਨਸ਼ੀਲੇ ਤੇਰੇ
ਹਰ ਖੂਬੀ ਤੈਨੂੰ ਰੱਬ ਨੇ ਦੇ ਕੇ
ਤੇਰੇ ਹੁਸਨ ਦੀ ਭਰੀ ਪਟਾਰੀ

○



Sri Satguru Jagjit Singh Ji eLibrary NamdhariElibrary@gmail.com

੬੬. ਫੱਕਰ ਫਿਕਰ ਕਦੀ ਨਹੀਂ ਕਰਦੇ
ਉਹ ਫਿਕਰੋਂ ਰਹਿਣ ਪਰੇਰੇ
ਕੋਈ ਜੰਮੇ ਜਾਂ ਕੋਈ ਮਰ ਜਾਏ
ਉਨ੍ਹਾਂ ਅਥਰੂ ਕਦੇ ਨਹੀਂ ਕੇਰੇ
ਨ ਉਸਤਤ ਤੋਂ ਖੁਸ਼ ਨੇ ਹੁੰਦੇ
ਨ ਨਿੰਦਿਆਂ ਤੋਂ ਦੁੱਖਦੇ
ਖੁਸ਼ੀ ਗਮੀ ਵਿਚ ਸਮਸਰ "ਚੀਮਾਂ"
ਧਰਤੀ ਜੇਡੇ ਜੇਰੇ

○

੬੭. ਮੈਂ ਤੈਨੂੰ ਪਿਆਰ ਕਰਕੇ ਸਜਨੀ, ਨਿਰੇ ਹੀ ਗੰਮ ਖਰੀਦੇ ਨੇ
ਦੇ ਕੇ ਦਮ ਆਪਣੇ ਤੇਰੇ ਮੈਂ ਦਮ ਖਰੀਦੇ ਨੇ
ਇਨ੍ਹਾਂ ਫੁਲਾਂ ਦੀ ਬਹਾਰ ਤਾਂ ਗੁਜਰ ਚੁੱਕੀ ਹੈ 'ਚੀਮਿਆਂ'
ਮੇਰੀ ਕਿਸਮਤ ਮੈਂ ਏਹ ਬੇ ਮੌਸਮ ਖਰੀਦੇ ਨੇ

○

੬੮. ਦਿਲ ਦੇ ਕੇ ਅਸੀਂ ਬੇਦਿਲ ਹੋਏ
ਬੇ ਦਿਲ ਕਿਵੇਂ ਜੀਵੇ
ਬਿਨ ਦਿਲ ਮੌਤ ਕਦੇ ਨਹੀਂ ਆਉਂਦੀ
ਜ਼ਹਿਰ ਕਿਵੇਂ ਕੋਈ ਪੀਵੇ
ਜਾਂ ਦਿਲ ਦਿਲਬਰ ਵਾਪਸ ਕਰਦੇ
ਫਿਰ ਮੌਤ ਸੁਖੱਲੀ ਹੋਵੇ
ਪਾਟੇ ਹੋਏ ਦਿਲਾਂ ਦੇ ਬਖੀਏ
ਆਪੇ ਦਿਲਬਰ ਸੀਵੇ

○


Sri Satguru Jagjit Singh Ji eLibrary NamdhariElibrary@gmail.com

੬੯. ਛਾਲਾਂ ਮਾਰ ਕੇ ਅਸੀਂ ਅੱਗੇ ਲੰਘ ਗਏ
ਪਿੱਛੇ ਰਹੇ ਸ਼ਰੱਈ
ਸ਼ਰ੍ਹਾਂ ਵਾਲੇ ਨਿੱਤ ਲੜਦੇ ਰਹਿੰਦੇ
ਸਾਡੀ ਦੁਬੱਧਾ ਨਿਕਲ ਗਈ
ਅਸੀਂ ਹੋਏ ਅਭੇਦ ਜ਼ਾਤ ਉਦੀ ਵਿਚ
ਸਾਡੇ ਭਰਮ ਨੇ ਨਿਕਲ ਸਾਰੇ
ਵਿਚ ਬੰਦਸ਼ਾਂ ਦੇ ਫਸਿਆ "ਚੀਮਾਂ"
ਫਾਂਸੀ ਗਲ ਪਈ

○

੭੦. ਹਮੇਸ਼ਾਂ ਕੰਮ ਲਵੋ ਦੋਸਤੋ ਕੁਝ ਹੋਸ਼ ਤੋਂ
ਦੂਰ ਰਹਿਣਾ ਠੀਕ ਹੁੰਦਾ ਹੈ ਮੈਂ ਨੋਸ਼ ਤੋਂ
ਕਿਸੇ ਦੇ ਅਹਿਸਾਨ ਨੂੰ ਨ ਕਦੀਂ ਭੁੱਲੀ "ਚੀਮਿਆਂ"
ਕਿਉਂਕਿ ਰੱਬ ਵੀ ਡਰਦਾ ਏ ਅਹਿਸਾਨ ਫਰਾਮੋਸ਼ ਤੋਂ

○

੭੧. ਮੈਂ ਕੀ ਸੁਨਾਵਾਂ ਹਾਲ ਆਪਣਾ
ਜਾਨ ਤੋਂ ਬੇਜ਼ਾਰ ਹਾਂ
ਮੈਂ ਭਵਰ ਦੇ ਵਿਚ ਘਿਰ ਗਿਆ
ਨ ਆਰ ਹਾਂ ਨ ਪਾਰ ਹਾਂ
ਰਗ ਰਗ ਮੇਰੀ ਦੇ ਵਿਚ ਹੈ ਗਮ ਦਾ ਨਸ਼ਾ
ਕੁਝ ਪਤਾ ਨਹੀਂ "ਚੀਮਿਆਂ"
ਮੈਂ ਫੁੱਲ ਹਾਂ ਜਾਂ ਖਾਰ ਹਾਂ

○



Sri Satguru Jagjit Singh Ji eLibrary NamdhariElibrary@gmail.com

੭੨. ਮੰਦਰਾਂ ਵਾਲੇ ਬਣਾ ਰਹੇ ਨੇ ਮਸਜਦ ਦੇ ਖੰਡਰ
ਮਸਜਦਾਂ ਵਾਲੇ ਢਾਹ ਰਹੇ ਨੇ ਮੰਦਰ
ਮੰਦਰ ਮਸੀਤਾਂ ਵਾਲਿਓ ਕੁਝ ਸੋਚ ਕੇ ਵੇਖੋ
ਰੱਬ ਹਮੇਸ਼ਾਂ ਰਹਿੰਦਾ ਏ ਦਿਲਾਂ ਦੇ ਅੰਦਰ

○

੭੩. ਅਯੁੱਧਿਆ ਦੇ ਵਾਰਸੋ
ਗੁਜਰ ਗਈਆਂ ਕਈ ਸਦੀਆਂ
ਅੱਗੇ ਕਿਉਂ ਨ ਯਾਦ ਆਈਆਂ
ਤੁਹਾਨੂੰ ਏ ਫਿਰਕੂ ਬੱਦੀਆਂ
ਕੀ ਵੇਖ ਕੇ ਏ ਰਾਮ ਜੀ ਖੁਸ਼ ਹੋਣਗੇ
ਦੇਸ਼ ਵਿਚ ਨੇ ਵਹਿ ਰਹੀਆਂ
ਜੋ ਲਹੂ ਦੀਆਂ ਇਹ ਨਦੀਆਂ

○

੭੪. ਤੁਸੀਂ ਵੀ ਮੁਸਲਮੋਂ ਵੀਰੋ
ਕੁਝ ਦਵਾ ਕਰ ਲਉ ।
ਮੰਦਰਾਂ ਨੂੰ ਢਾਹ ਕੇ
ਦਿਲ ਸ਼ਫਾ ਕਰ ਲਉ ।
ਜੇ ਮੰਦਰ ਨੂੰ ਢਾਹ ਕੇ
ਕੁਝ ਸੁਆਬ ਮਿਲਦਾ ਏ ।
ਉਹ ਵੀ ਢਾਹ ਕੇ "ਚੀਮਾ"
ਰਾਜ਼ੀ ਖੁਦਾ ਕਰ ਲਉ ।

○



Sri Satguru Jagjit Singh Ji eLibrary NamdhariElibrary@gmail.com

੭੫. ਗੁਰਬਾਣੀ ਇਸ ਜੱਗ ਵਿਚ ਚਾਨਣ
ਜੋ ਸਾਰਾ ਜੱਗ ਰੁਸ਼ਨਾਏ ।
ਮੰਨ ਕਰਕੇ ਜੋ ਇਸ ਨੂੰ ਪੜ੍ਹਦਾ
ਉਹ ਫਿਰ ਜੂਨੀ ਨ ਆਏ ।
ਏਥੇ ਓਥੇ ਓਦੀ ਸੋਭਾ ਹੁੰਦੀ
ਅਤੇ ਮੁਖੜਾ ਉੱਜਲ ਹੋਵੇ ।
ਨਿਰੰਕਾਰ ਦੇ ਦੇਸ਼ ਵਿਚ
ਉਹ "ਚੀਮਾ" ਜਾ ਸਮਾਏ ।

○

੭੬. ਬ੍ਰਿਹਾ ਦੀ ਦਰਦ ਕੋਈ ਜਰਦਾ ਜਰਦਾ ਜ਼ਰ ਗਿਆ
ਆਖਰਤ ਨੂੰ ਉਹ ਵਿਚਾਰਾ ਮਰਦਾ ਮਰਦਾ ਮਰ ਗਿਆ
ਘੁੱਪ ਹਨੇਰੇ ਵਿਚ ਕਿਸੇ ਨੇ ਕਬਰ ਵੇਖੀ ਉਸ ਦੀ
ਤਰਸ ਕਰਕੇ ਦੀਵਾ "ਚੀਮਾ" ਧਰਦਾ ਧਰਦਾ ਧਰ ਗਿਆ ।

○

੭੭. ਲਬਾ ਲਬ ਜਾਮ ਭਰਦੇ ਸਾਕੀ
ਮੈਨੂੰ ਛੇਤੀ ਦੀਵਾਨਾਂ ਕਰਦੇ ਸਾਕੀ
ਬਹੁਤ ਮੁਸ਼ਕਲ ਨਾਲ ਤੇਰੇ ਦਰ ਤੇ ਪਹੁੰਚਾ
ਕੂਕਰ ਬਨਾ ਲੈ ਤੂੰ ਆਪਣੇ ਦਰ ਦਾ ਸਾਕੀ

○



Sri Satguru Jagjit Singh Ji eLibrary NamdhariElibrary@gmail.com

੭੮. ਸੀ ਲੱਭਾ ਏ ਰਾਮ ਭਗਤੋ
ਮਿਟਾ ਕੇ, ਚੰਦ ਤਾਰੇ ਨੂੰ
ਉਂਗਲਾਂ ਸਾੜ ਲਈਆਂ ਜੇ
ਹੱਥ ਲਾ ਸ਼ਰਾਰੇ ਨੂੰ
ਕੀ ਕੁਝ ਲਾਭ ਹੋਇਆ ਏ
ਜ਼ਰਾ ਕੁਝ ਸੋਚ ਕੇ ਵੇਖੋ
ਕਈਆਂ ਦੇ ਦਿਲ ਨੂੰ ਤੋੜਿਆ
ਢਾਹ ਕੇ ਇਕ ਮਨਾਰੇ ਨੂੰ ।

○

੭੯. ਸੱਚੀ ਮੁਹੱਬਤ ਸਦਾ ਹੀ ਇਕੋ ਸਾਰ ਰਹਿੰਦੀ ਏ
ਦਿਲ ਦੇ ਵਿਚ ਖੜਕ ਦੀ, ਰੂਹਾਨੀ ਤਾਰ ਰਹਿੰਦੀ ਏ
ਉਮਰ ਦੇ ਤਕਾਜ਼ੇ ਤਾਂ "ਚੀਮਾ" ਕਮ ਅਕਲ ਕਰਚੇ ਨੇ
ਇਸ਼ਕ ਦੇ ਚਮਨ ਦੇ ਵਿਚ ਖਿੜੀ ਗੁਲਜ਼ਾਰ ਰਹਿੰਦੀ ਏ ।

○

੮੦. ਸੁਪਨੇ ਵਿਚ ਵੀ ਪ੍ਰਾਧੀਨਤਾ ਤੋਂ ਬਹੁਤ ਤੰਗੀ ਏ
ਕਿਹੜਾ ਉਹ ਬੇਗੈਰਤ ਜਿਨ੍ਹੇ ਏ ਮੂੰਹੋਂ ਮੰਗੀ ਏ
ਹਜ਼ਾਰਾਂ ਸਾਲ ਦੇ "ਚੀਮਾ" ਗੁਲਾਮੀ ਦੇ ਜੀਵਨ ਤੋਂ
ਇਕ ਘੜੀ ਵੀ ਸੁਆਧੀਨਤਾ ਦੀ ਬਹੁਤ ਚੰਗੀ ਏ ।

○



Sri Satguru Jagjit Singh Ji eLibrary NamdhariElibrary@gmail.com

੮੧. ਬਾਓ ਜੀ ਮੇਰਾ ਜ਼ਰੂਰ ਕੰਮ ਕਰ ਦਿਉ
ਮੇਰੀ ਫਾਈਲ ਅਫਸਰ ਦੇ ਅੱਗੇ ਧਰ ਦਿਉ
ਮੈਂ ਵੀ ਨੈਸ਼ਨਲ ਐਵਾਰਡੀ ਹਾਂ "ਚੀਮਾ"
ਕੁਝ ਤਾਂ ਮੇਰਾ ਦੋਸਤੋ ਲਿਹਾਜ਼ ਕਰ ਦਿਉ ।

○

੮੨. ਏਥੇ ਜੋ ਵੀ ਕੰਮ ਹੁੰਦੇ ਦਾਮ ਨਾਲ ਹੁੰਦੇ
ਜੇ ਨ ਸਰੇ ਤਾਂ ਜਾਮ ਨਾਲ ਹੁੰਦੇ
ਬਹੁਤ ਕਾਹਲ ਕਰਨ ਦੀ ਲੋੜ ਨਹੀਂ "ਚੀਮਾ"
ਏਥੇ ਜੋ ਵੀ ਕੰਮ ਹੁੰਦੇ ਆਰਾਮ ਨਾਲ ਹੁੰਦੇ ।

○

੮੩. ਕਿਸੇ ਦੀ ਸਿਫਾਰਸ਼ ਨਹੀਂ ਮੰਨਦੇ,
ਤੇ ਨ ਕਿਸੇ ਤੋਂ ਡਰਦੇ ਹਾਂ
ਨਕਦ ਨਰਾਇਣ ਲੈ ਕੇ
ਸਭ ਦਾ ਕੰਮ ਕਰਦੇ ਹਾਂ
ਜਿੰਨਾ ਚਿਰ ਅਸੀਂ ਕੁਰਸੀ ਤੇ ਹਾਂ
ਕਿਸੇ ਦਾ ਰਹੁਬ ਨਹੀਂ ਮੰਨਦੇ ।
ਸ਼ਾਮ ਤਕ "ਚੀਮਾ"
ਸਖਣੀ ਜੇਬ ਭਰਦੇ ਹਾਂ ।

੮੪. ਮੰਨਿਆ ਤੂੰ ਬੜਾ ਤਾਕਤਵਰ ਹੋਏਂਗਾ
ਰਖਦਾ ਕੋਲ ਬੜਾ ਮਾਲ ਜ਼ਰ ਹੋਏਂਗਾ
ਬਹੁਤ ਰੁਹਬ ਵਿਖਾਣ ਦੀ ਲੋੜ ਨਹੀਂ "ਚੀਮਾ"
ਜੇ M.L.A. ਦਾ ਭਰਾ ਏਂ, ਤਾਂ ਘਰ ਹੋਏਂਗਾ ।

○



Sri Satguru Jagjit Singh Ji eLibrary NamdhariElibrary@gmail.com

੯੫. ਚਮਕ ਤੇਰੀ ਚੰਦ ਸੂਰਜ ਤਾਰਿਆਂ ਅੰਦਰ
ਪਾਉਣ ਪਾਣੀ ਅਗਣ ਦੇ ਸ਼ਰਾਰਿਆਂ ਅੰਦਰ
ਕਸੂਰ ਤੇਰੀ ਨਿਗਾਹ ਦਾ ਹੈ "ਚੀਮਾ"
ਉਹ ਦੂਰ ਨਹੀਂ ਕਿਧਰੇ, ਉਹ ਹੈ ਸਾਰਿਆਂ ਅੰਦਰ ।

○

੯੬. ਗਰਦਸ਼ੇ ਅਯਾਮ ਵਿਚ ਵਕਤ ਨ ਗੁਜ਼ਾਰ
ਹੋ ਸਕੇ ਤੋ ਆਪਣੀ ਆਕਬਤ ਸਵਾਰ
ਪਹਿਲਾ ਕਿਸੇ ਮੁਰਸ਼ਦ ਦੀ ਖਾਕੇ ਪਾ ਨੂੰ ਢੂੰਡ ਲੈ
ਫਿਰ ਅਨਾਇਤ ਕਰੇਗਾ "ਚੀਮਾ" ਪ੍ਰਵਰਦਗਾਰ ।

○

੯੭. ਮੇਰੀ ਕਿਸੇ ਨਾਲ ਕੋਈ ਵੀ ਅਦਾਵਤ ਨਹੀਂ
ਹਰ ਇਕ ਨੂੰ ਬੁਰਾ ਕਹਿਣਾ ਵੀ ਸਦਾਕਤ ਨਹੀਂ
ਮੈਂ ਏ ਪਰਖ ਕੇ ਡਿੱਠਾ, ਤੇ ਇਸ ਵਿਚ ਸ਼ੱਕ ਨਹੀਂ "ਚੀਮਾ"
ਬੰਦਿਆਂ ਨੂੰ ਬੰਦਿਆਂ ਦੀ ਜ਼ਰਾ ਸ਼ਨਾਖਤ ਨਹੀਂ ।

○

੯੮. ਬਹੁਤ ਜੰਮਦੇ ਨੇ ਇਨਸਾਨ ਰੋਜ਼ ਰੋਜ਼
ਕਈ ਮਰਦੇ ਨੇ ਧਨਵਾਨ ਰੋਜ਼ ਰੋਜ਼
ਕਾਇਰ ਤੇ ਬੁਜ਼ਦਿਲ ਰੋਜ਼ ਜੰਮਦੇ ਤੇ ਮਰਦੇ ਨੇ
ਪਰ ਜੰਮਦੇ ਨਹੀਂ ਸੂਰਮੇ ਬਲਵਾਨ ਰੋਜ਼ ਰੋਜ਼।

○



Sri Satguru Jagjit Singh Ji eLibrary NamdhariElibrary@gmail.com

੮੯. ਸੱਚੇ ਆਸ਼ਕ ਵਿਰਲੇ ਹੁੰਦੇ
ਤੇ ਵੱਖਰੀ ਉਨ੍ਹਾਂ ਦੀ ਵਸਤੀ
ਕਰਕੇ ਕੁਝ ਵਿਖਾ ਦੇਂਦੇ
ਨਹੀਂ ਖੱਟਦੇ ਸ਼ੁਹਰਤ ਸਸਤੀ
ਦੇਸ਼ ਕੌਮ ਲਈ ਜਾਨਾ ਵਾਰਨ
ਮਰਨੋ ਮੂਲ ਨ ਡਰਦੇ
ਹੱਸ ਹੱਸ "ਚੀਮਾ" ਫਾਂਸੀ ਚੜ੍ਹਦੇ
ਚੜ੍ਹੀ ਰਹੇ ਨਿੱਤ ਮਸਤੀ

○

੯੦ ਉਹ ਵੀ ਪੀ ਕੇ ਵੇਖ ਲਈ ਜੇ
ਹੁਣ ਇਹ ਵੀ ਪੀ ਕੇ ਵੇਖ
ਉਹ ਵੀ ਜ਼ਿੰਦਗੀ ਜੀਅ ਲਈ ਏ
ਇਹ ਵੀ ਜੀਅ ਕੇ ਵੇਖ
ਜ਼ਖ਼ਮਾਂ ਤੇ ਸਭ ਲੂਣ ਛਿੜਕਦੇ
ਮਰਮ ਕੋਈ ਲਾਂਦਾ ਨਹੀਂ
ਸ਼ਾਂਤੀ ਤੂੰ ਮਹਿਸੂਸ ਕਰੇਂਗਾ
ਜ਼ਖ਼ਮ ਕਿਸੇ ਦੇ ਸੀਂ ਕੇ ਵੇਖ

○

੯੧. ਮੈਨੂੰ ਤੇਰੀ ਤਾਰੀਫ਼ ਦੀ ਲੋੜ ਨਹੀਂ
ਤੇਰੇ ਜਹੇ ਪਾਖੰਡੀ ਸ਼ਰੀਫ਼ ਦੀ ਲੋੜ ਨਹੀਂ
ਦੋਸਤੀ ਦੇ ਭੇਸ ਵਿਚ ਤੂੰ ਲੁਟਣ ਵਾਲੇ ਦੋਸਤਾ
ਤੇਰੇ ਜਹੇ "ਚੀਮਿਆਂ" ਰਫ਼ੀਕ ਦੀ ਲੋੜ ਨਹੀਂ

○



Sri Satguru Jagjit Singh Ji eLibrary NamdhariElibrary@gmail.com

੯੨. ਦੁੱਖਾਂ ਵਿੱਚ ਕਿਸੇ ਦਾ ਵਿਰਲਾ ਵੰਡਣ ਗ਼ਮ ਆਉਂਦਾ ਏ।
ਦਿਲੀ ਯਾਰਾਂ ਦੇ ਗਲ ਲੱਗ ਕੇ, ਸੌਖਾ ਦਮ ਆਉਂਦਾ ਏ।
ਯਾਰਾਂ ਚੋਂ ਯਾਰ ਉਸਨੂੰ ਸਮਝ ਲਈ ਤੂੰ "ਚੀਮਾ"
ਜੋ ਮੁਸੀਬਤ ਵਿੱਚ ਕਿਸੇ ਦੇ ਕੰਮ ਆਉਂਦਾ ਏ।

○

੯੩. ਚੰਗੇ ਲੱਗਦੇ ਨੇ ਪ੍ਰਾਹੁਣੇ ਜੇ ਘਰ ਆਉਣ ਕਦੀ ਕਦੀ।
ਮਰਦ ਵੀ ਮਰਦਾਊਪੁਣਾ ਵਿਖਾਉਣ ਕਦੀ ਕਦੀ।
ਰੋਜ ਚਿੰਜੜੀ ਛੇੜਨ ਕਾਇਰਾ ਦਾ ਕੰਮ ਏ "ਚੀਮਾ"
ਮਰਦ ਇੱਟ ਨਾਲ ਇੱਟ ਖੜਕਾਉਂਦੇ ਨੇ ਕਦੀ ਕਦੀ।

○

੯੪. ਬਹੁਤ ਸਮੇਂ ਤੋਂ ਤੇਰੀ ਤਾਂਘ ਨੇ ਬੇਹਾਲ ਕੀਤਾ ਏ।
ਬਿਰਹੋਂ ਦੀ ਅੱਗ ਨੇ ਜੀਣਾ ਮਹਾਲ ਕੀਤਾ ਏ।
ਕਿੰਨਾ ਚਿਰ ਜਰਾਂਗੇ ਇਸ ਇਸ਼ਕ ਦੀ ਅੱਗ ਨੂੰ।
ਸੁਰਾਂ ਵਿੱਚ ਵੱਸਦੇ ਨੂੰ ਤਾਲੋਂ ਬੇਤਾਲ ਕੀਤਾ ਏ।

○

੯੫. ਸਾਡਾ ਕਿਸੇ ਨਾਲ ਕੋਈ ਇਖਤਲਾਫ ਨਹੀਂ।
ਉਹ ਮਰਦ ਨਹੀਂ ਜਿਸ ਦਾ ਦਿਲ ਸਾਫ਼ ਨਹੀਂ।
ਕੋਈ ਕਿਸੇ ਦਾ ਕੁਝ "ਚੀਮਾ" ਵਿਗਾੜ ਨਹੀਂ ਸਕਦਾ।
ਆਪਣਾ ਹੀ ਕਰਮ ਬੰਦੇ ਨੂੰ ਕਰਦਾ ਮੁਆਫ ਨਹੀਂ।

○

੯੬. ਹਮੇਸ਼ਾਂ ਕੰਮ ਆਉਂਦੀ ਏ ਆਪਣੀ ਜੇਬ।
ਆਪਣੀ ਹਿੰਮਤ ਨਾਲ ਛਣਕਦੀ ਏ ਪੰਜੇਬ।
ਕੁਝ ਚਿਰ ਤਾਂ ਲੋਕਾਂ ਦੀਆਂ ਅੱਖਾਂ 'ਚ ਧੂੜ ਪਾ ਸਕਦੇ ਓ।
ਪਰ ਬਹੁਤ ਚਿਰ ਨਹੀਂ ਚਲਦਾ ਧੋਖਾ ਫਰੇਬ।

○



Sri Satguru Jagjit Singh Ji eLibrary NamdhariElibrary@gmail.com

੯੭. ਹੁਸਨ ਤੇਰਾ ਵੇਖ ਕੇ ਮਚਲਦੇ ਮੇਰੇ ਅਰਮਾਨ
ਬਹੁਤ ਨਜ਼ਰਾਂ ਰੋਕੀਆਂ ਖਾਹਮਖਾਹ ਓਧਰ ਨੂੰ ਜਾਣ ।
ਨੀਝ ਲਾ ਕੇ ਵੇਖ ਨਾ ਮੇਰੀ ਤਰਫ ਤੂੰ ਸਜਨੀ
ਫੇਰ ਨਾ ਹੋ ਜਾਏ "ਚੀਮਾ" ਆਰਜ਼ੂ ਮੇਰੀ ਜਵਾਨ ।

○

੯੮. ਇੱਕ ਵਾਰੀ ਨਜ਼ਰ ਚੋਂ
ਜੋ ਰਿੜ ਗਿਆ ਸੋ ਰਿੜ ਗਿਆ ।
ਸਮਝ ਲਓ ਉਹ ਵਾਂਗ ਕਲਰ
ਕਿਰ ਗਿਆ ਸੋ ਕਿਰ ਗਿਆ ।
ਸ਼ੀਸ਼ੇ ਕਦੇ ਟੁੱਟੇ ਹੋਏ ਜੁੜ ਨਹੀਂ ਸਕਦੇ
ਨਜ਼ਰ ਤੋਂ ਜੋ ਗਿਰ ਗਿਆ ਸੋ ਗਿਰ ਗਿਆ ।

○

੯੯. ਇੱਕ ਤੇ ਓਟ ਜਿਨ੍ਹਾਂ ਨੇ ਰੱਖੀ
ਉਹ ਲਗ ਗਏ ਭਵਰੋਂ ਬਨ੍ਹੇ ।
ਰਾਹਾਂ ਦੇ ਵਿੱਚ ਭਟਕਦੇ ਮਰ ਗਏ
ਜੋ ਫਿਰਦੇ ਹੰਨ੍ਹੇ ਹੰਨ੍ਹੇ ।
ਜੇ ਤੂੰ ਸੱਜਣਾ ਰੱਬ ਨੂੰ ਪਾਣੈ
ਕਾਮਲ ਗੁਰੂ ਮਨ੍ਹਾ ਲੈ ।
ਫੰਡਰਾਂ ਹੇਠੋਂ ਕਦੇ ਨਹੀਂ ਮਿਲਣੇ
"ਚੀਮਾਂ" ਦੁੱਧ ਦੇ ਛੰਨੇ ।

○



Sri Satguru Jagjit Singh Ji eLibrary NamdhariElibrary@gmail.com

੧੦੦. ਕੱਚਿਆਂ ਦਾ ਇਤਬਾਰ ਨਾ ਕੋਈ
ਤੇ ਕੱਚੇ ਕੱਚ ਨਿਗੁਣੇ।
ਕਾਮਲ ਗੁਰੂ ਮੁਕੰਮਲ ਕਰਦਾ
ਤੇ ਕੰਚੇ ਰੱਖਦੇ ਉਣੇ।
ਕੱਚਿਆਂ ਦੇ ਗਲ੍ਹ ਲਗ ਕੇ ਸੋਹਣੀ
ਡੁੱਬ ਗਈ ਵਿੱਚ ਝਨਾ ਦੇ।
ਕੱਚਿਆਂ ਦੀ ਜੋ ਸੰਗਤ ਕਰਦੇ
ਉਹ ਹੁੰਦੇ ਨਿੰਮੋਝੂਣੇ।

○

੧੦੧. ਬਹੁਤ ਬੁਰੀ ਹੁੰਦੀ ਏ ਲੋਕੋ ਗਰੀਬੀ।
ਛੱਡ ਜਾਂਦੇ ਸਾਰੇ ਜੋ ਰਿਸ਼ਤੇ ਨੇ ਕਰੀਬੀ।
ਭਾਵੇਂ ਦੇਸ ਪ੍ਰਦੇਸਾਂ 'ਚ ਫਿਰ ਲੈ "ਚੀਮਾ",
ਸਾਥ ਨਹੀਂ ਛੱਡਦੀ ਕਦੀ ਬਦਨਸੀਬੀ।

○

੧੦੨. ਲੈ ਕੇ ਬਹਿ ਗਈ ਏ. ਦੇਸ ਨੂੰ ਫਿਰਕਾਪ੍ਰਸਤੀ।
ਫਿਰਕੂ ਲੀਡਰ ਖੱਟਦੇ ਨੇ ਸ਼ੁਹਰਤ ਸਸਤੀ।
ਕੌਮ ਦਾ ਕੀ ਬਣੇਗਾ ਕੋਈ ਸੋਚਦਾ ਨਹੀਂ "ਚੀਮਾ"
ਜਿਸ ਤੇ ਮਾਨ ਕਰ ਸਕਾਂ ਕੋਈ ਦਿੱਸਦੀ ਨਹੀਂ ਹਸਤੀ।

○

੧੦੩. ਹਰ ਬਸ਼ਰ ਗਮਗੀਨ ਤੇ ਹੈਰਾਨ ਏ।
ਮਾਇਆਂ ਦੀ ਦੌੜ ਨੇ ਪਾਗਲ ਕੀਤਾ ਇਨਸਾਨ ਏ।
ਕੌਣ ਕਿਸੇ ਦਾ ਦੁੱਖ ਵੰਡਾਏ "ਚੀਮਿਆ"
ਜ਼ਿੰਦਗੀ ਤੋਂ ਜਿੰਦਗੀ ਖੁਦ ਪਰੇਸ਼ਾਨ ਏ।

○



Sri Satguru Jagjit Singh Ji eLibrary NamdhariElibrary@gmail.com

੧੦੪. ਤੇਰੇ ਬ੍ਰਿਹ ਨੂੰ ਮੈਂ ਜ਼ਹਿਰ ਵਾਂਗ ਪੀ ਸਕਦਾ ਹਾਂ।
ਦਿਲ ਦੇ ਜ਼ਖਮਾਂ ਨੂੰ ਸਬਰ ਨਾਲ ਸੀਅ ਸਕਦਾ ਹਾਂ।
ਇਹ ਤਾਂ ਪਿਆਰ ਨੂੰ ਪਿਆਰ ਏ ਜਬਰਦਸਤੀ ਨਹੀਂ।
ਮੇਰੇ ਬਿਨਾਂ ਜੇ ਤੂੰ ਜੀਅ ਸਕਨੈਂ ਤੇ ਮੈਂ ਵੀ ਜੀਅ ਸਕਦਾ ਹਾਂ।

○

੧੦੫. ਬੇਜ਼ਬਾਨੋ ਥੁੱਕ ਕੇ ਚਟਨਾ ਖਰਾ ਨਹੀਂ।
ਇਕਰਾਰ ਕਰਕੇ ਪਿਛਾਂਹ ਹੱਟਣਾ ਖਰਾ ਨਹੀਂ।
ਚਾੜ੍ਹਕੇ ਗੁੱਡੀ ਅਕਾਸ਼ ਵਿੱਚ "ਚੀਮਿਆ"
ਅੱਧ ਵਿਚੋਂ ਡੋਰ ਕੱਟਣਾ ਖਰਾ ਨਹੀਂ।

○

ਹ੧੦੬. ਸਾਰੇ ਲੋਕ ਸੁੱਖਾਂ ਵਿੱਚ ਵੱਸਣ
ਅਸੀਂ ਵਿੱਚ ਗ਼ਮਾਂ ਦੇ ਡੁੱਬੇ।
ਪਿਆਰ ਤੇਰੇ ਦੀ ਦਲਦਲ ਅੰਦਰ
ਅਸੀਂ ਗਲ੍ਹ ਗਲ੍ਹ ਤੀਕਰ ਖੁੱਭੇ।
ਇਸ਼ਕ ਦਾ ਬਿਖੜਾ ਰਸਤਾ "ਚੀਮਾ"
ਜਿਦੇ ਰਾਹ ਵਿੱਚ ਲੱਖ ਬਲ਼ਾਂਈ।
ਤੁਰ-ਤੁਰ ਮੇਰੇ ਪੈਰਾਂ ਅੰਦਰ
ਜਹਿਰੀ ਕੰਢੇ ਚੁੱਭੇ।

○

੧੦੭. ਦੋਗਲੇ ਦੋਸਤ ਤੇਰੇ ਏ ਦਿਲ ਦੇ ਖੋਟੇ ਚੋਰ ਨੇ।
ਉਤੋਂ ਦਿੱਸਦੇ ਹੋਰ ਨੇ, ਤੇ ਵਿੱਚੋਂ ਹੁੰਦੇ ਹੋਰ ਨੇ।
ਤੂੰ ਤਾਂ ਭੁੱਲ ਜਾਨੈ "ਚੀਮਾ" ਛੋਟੀ ਮੋਟੀ ਬਾਤ ਨੂੰ।
ਏ ਤਾਂ ਝੋਟੇ ਵਾਂਗਰਾਂ ਰੱਖਦੇ ਦਿਲਾਂ ਦੇ ਵਿਚ ਖੋਰ ਨੇ।

○



Sri Satguru Jagjit Singh Ji eLibrary NamdhariElibrary@gmail.com

੧੦੮. ਨੇਕੀਆਂ ਦੇ ਉੱਤੇ ਖੋਟੇ ਕਦੀ ਨਹੀਂ ਰੀਝਦੇ।
ਏ ਤਾਂ ਯਾਰਾਂ ਸਾਹਮਣੇ ਹਮੇਸ਼ਾਂ ਕੰਢੇ ਬੀਜਦੇ।
ਇਨ੍ਹਾਂ ਦੀ ਫਿਤ੍ਰਤ ਹੈ ਹਮੇਸ਼ਾਂ ਨਾਗ ਵਾਂਗੂੰ ਡੱਸਨਾ।
ਏ ਤਾਂ ਸੱਚੇ ਪਿਆਰ ਉੱਤੇ "ਚੀਮਾ" ਨਹੀਂ ਪਤੀਜਦੇ।

○

੧੦੯. ਨਦੀ ਦੇ ਕੰਢੇ ਆਲ੍ਹਣਾ ਪਾਇਆ ਸੀ ਇੱਕ ਚਿੜੀ।
ਛੋਟੇ ਛੋਟੇ ਬੱਚਿਆਂ ਚਿ ਨਾਲ ਖੁਸ਼ੀ ਦੇ ਖਿੜੀ।
ਤਿੱਖੇ ਵਹਿਣਾਂ ਨਾਲ ਬੂਟਾ ਕਾਹੀ ਦਾ ਰੁੜ ਗਿਆ।
ਚਿੜੀ ਵਿਚਾਰੀ "ਚੀਮਿਆ" ਉਹ ਵਿੱਚ ਤੂਫਾਨਾਂ ਜਾ ਰਿੜੀ।

○

੧੧੦. ਉਲਝਣਾਂ ਹੀ ਉਲਝਣਾਂ 'ਚ ਉਲਝ ਗਏ
ਉਲਝਣਾਂ ਨਾ ਸੁਲਝੀਆਂ ਖੁਦ ਉਲਝ ਗਏ।
ਦਾਨਿਆਂ ਦੀ ਅਕਲ ਕੁਝ ਨਾ ਕਰ ਸਕੀ।
ਉਲਝਦੇ ਹੀ "ਚੀਮਿਆ" ਸਭ ਉਲਝ ਗਏ।

○

੧੧੧. ਅੰਦਰੋਂ ਸਾਧ ਪਛਾਣੇ ਕੋਈ ਕੋਈ
ਸਭ ਫੱਸਦੇ ਵੇਖ ਪਹਿਰਾਵਾ।
ਛੱਲੀਏ ਛੱਲਦੇ ਵਲ ਛਲ ਕਰਕੇ
ਸਭ ਚੱਲਦਾ ਵਲ ਛਲਾਵਾ।
ਸਮਦਰਸੀ ਦੀ ਕਦਰ ਕਿਤੇ ਨਹੀਂ
ਉਹ ਲੁੱਕ ਲੁੱਕ ਝੱਟ ਲਘਾਂਦੇ।
ਢੋਂਘੀ ਸਾਧੂ ਰੱਬ ਮਿਲਾਣ ਦਾ
ਝੂਠਾ ਕਰਦੇ ਦਾਹਵਾ।

○



Sri Satguru Jagjit Singh Ji eLibrary NamdhariElibrary@gmail.com

੧੧੨. ਸ਼ਰਾਰਤ ਕਰਨ ਵਾਲਾ ਸਦਾ ਸ਼ੈਤਾਨ ਬਣਦਾ ਏ ।
ਇਲਮ ਪੜ੍ਹ ਪੜ੍ਹ ਕੇ ਬਸ਼ਰ ਵਿਦਵਾਨ ਬਣਦਾ ਏ ।
ਕਰਕੇ ਨੇਕੀਆਂ ਜੋ ਨੇਕੀ ਨੇਕ ਖੱਟ ਜਾਂਦੇ ਨੇ ।
ਉਹ ਲੋਕਾਂ ਦੀ ਨਜ਼ਰ ਵਿੱਚ ਭਗਵਾਨ ਬਣਦਾ ਏ ।

○

੧੧੩, ਲੋਭੀ ਦੀ ਪ੍ਰੀਤ ਪ੍ਰਵਾਨੀ ਨਹੀਂ ਜਾਂਦੀ ।
ਗੰਭੀਰ ਰੋਗੀ ਦੀ ਹੈਰਾਨੀ ਨਹੀਂ ਜਾਂਦੀ ।
ਆਪਣਾ ਬਣਾ ਕੇ ਨਜ਼ਰ ਜਿਸ ਤੋਂ ਫੇਰ ਲੈਂਦੇ ਓ ।
"ਚੀਮਾ" ਕਿਆਮਤ ਤਕ ਓਦੀ ਪਰੇਸ਼ਾਨੀ ਨਹੀਂ ਜਾਂਦੀ ।

○

੧੧੪. ਜ਼ਖਮ ਦਿਲ ਦੇ ਕੋਈ ਸੀਏ ਜਾਂ ਨਾ ਸੀਏ ।
ਤੇਰੇ ਨੈਣਾਂ 'ਚੋਂ ਮਸਤੀ ਦੇ ਜਾਮ ਪੀਏ ਜਾਂਨਾ ਪਏ ।
ਤੂੰ ਦਰਯਾ ਦੀ ਮੌਜ ਵਾਂਗੂ ਮੌਜ ਕਰ "ਚੀਮਿਆ"
ਤੇਰੀ ਬਲਾ ਜ਼ਾਣੇ, ਕੋਈ ਜੀਏ ਜਾਂ ਨਾ ਜੀਏ ।

○

੧੧੫. ਉਸ ਬੇਇਤਬਾਰੇ ਤੇ ਇਤਬਾਰ ਕਰਾਂ ਜਾਂ ਨਾ ਕਰਾਂ ।
ਸੰਗ ਦਿਲ ਨੂੰ ਪਿਆਰ ਕਰਾਂ ਜਾਂ ਨਾ ਕਰਾਂ ।
ਨਾ ਉਮੀਦਾਂ ਤੋਂ ਜ਼ਰਾ ਉਮੀਦ ਨਹੀਂ "ਚੀਮਾਂ"
ਫਿਰ ਵੀ ਸੋਚਨਾ ਇੰਤਜ਼ਾਰ ਕਰਾਂ ਜਾਂ ਨਾ ਕਰਾਂ ।

○



Sri Satguru Jagjit Singh Ji eLibrary NamdhariElibrary@gmail.com

੧੧੬. ਨਾ ਉਮੀਦਾਂ ਤੋਂ ਵੀ, ਮੈਂ ਉਮੀਦ ਕਰਦਾ ਹਾਂ ।
ਉਸ ਦੇ ਨਜ਼ਰ ਫੇਰਨ ਦੀ ਤਰਦੀਦ ਕਰਦਾ ਹਾਂ ।
ਜੇਕਰ ਚਾਹ ਨਹੀਂ ਮੇਰੀ, ਤਾਂ ਕੁਝ ਅਫਸੋਸ ਨਹੀਂ "ਚੀਮਾ"
ਤੇਰੀ ਖੁਸ਼ੀ ਲਈ ਅਰਮਾਨ ਸਭ ਸ਼ਹੀਦ ਕਰਦਾ ਹਾਂ ।

O

11੭. ਚਮਨ 'ਚ ਬਹਾਰ ਆਏ ਜਾਂ ਨਾ ਆਏ ।
ਗੁਲਸਤਾਨ ਤੇ ਨਖਾਰ ਆਏ ਜਾਂ ਨਾ ਆਏ ।
ਮਰਕੇ ਵੀ ਮੈਨੂੰ ਫਰਕ ਨਹੀਂ ਪੈਣਾ "ਚੀਮਾ"
ਮੇਰੀ ਲਾਸ਼ ਉਠਾਣ ਆਏ ਜਾਂ ਨਾ ਆਏ ।

O

11੮. ਕਿਹਨੂੰ ਵੇਖ ਕੇ ਅਸੀਂ ਦੱਸ ਮੁਸਕਰਾਈਏ ।
ਅੰ-ਮ੍ਰਿਤ ਦੇ ਕੁੰਡੇ ਉੱਤੇ ਪਿਆਸੇ ਮਰ ਜਾਈਏ ।
ਤੇਰੇ ਦਰ ਤੇ ਸਰ ਨੂੰ ਝੁਕਾਇਆ ਹੈ "ਚੀਮਾ"
ਕਿਸੇ ਹੋਰ ਅੱਗੇ ਦੱਸ ਸਿਰ ਕਿਉਂ ਨਵਾਈਏ ?

O

11੯. ਤੁਸਾਂ ਤੋਂ ਬਿਨਾਂ ਮੈਂ ਕਿਸੇ ਤੋਂ ਨਹੀਂ ਡਰਨਾ ।
ਕਿਸ਼ੇ ਹੋਰ ਦੀ ਮੈਂ ਈਨ ਨਹੀਂ ਭਰਨਾ ।
ਤੁਸੀਂ ਭਾਵੇਂ ਬੋਲੋ ਬੁਲਾਓ ਨਾ "ਚੀਮਾਂ"
ਤੇਰੇ ਦਰ ਤੇ ਜੀਣਾ ਤੇਰੇ ਦਰ ਤੇ ਮਰਨਾ ।

O



Sri Satguru Jagjit Singh Ji eLibrary NamdhariElibrary@gmail.com

੧੨੦. ਹੰਝੂ ਕੇਰ ਕੇ ਨਹੀਂ ਲਹਿਣਾ ਗ਼ਮ ਦਾ ਦਾਗ।
ਹਨੇਰਿਆਂ ਨੂੰ ਦੂਰ ਕਰੂ, ਤੇਰੀ ਦੀਦ ਦਾ ਚਿਰਾਗ।
ਸਿਰ ਤੇ ਕਫਨ ਬੰਨ੍ਹ ਕੇ ਸਾਹਿਲ ਤੇ ਉਤਰ ਜਾ
ਫੇਰ ਤੈਨੂੰ ਮਿਲੇਗਾ "ਚੀਮਾ" ਮਾਹੀ ਦਾ ਸੁਰਾਗ।

○

੧੨੧. ਕੋਈ ਕਰਦਾ ਏ ਸ਼ੇਅਰੋ ਸ਼ਰਾਬ ਦੀ ਗੱਲ।
ਕੋਈ ਕਰਦਾ ਏ ਹੁਸਨੋਂ ਸ਼ਬਾਬ ਦੀ ਗੱਲ।
ਮੈਨੂੰ ਤਾਂ ਹੋਰ ਕੋਈ ਗੱਲ ਆਉਂਦੀ ਨਹੀਂ
ਮੇਰੇ ਦਿਲ ਵਿੱਚ ਤਾਂ ਹੈ ਮੁਰਸ਼ਦ ਜਨਾਬ ਦੀ ਗੱਲ।

○

੧੨੨. ਗਲ ਉਸ ਬੇਵਫਾ ਦੀ ਨਾ ਛੇੜ
ਕਹਾਣੀ ਉਸ ਬਲਾ ਦੀ ਨਾ ਛੇੜ
ਕਿਸੇ ਬੇਇਤਬਾਰੇ ਦੀ ਗਲ ਨਾ ਕਰ
ਉਸ ਬੇਹਯਾ ਦੀ ਗਲ ਨਾ ਛੇੜ

○

੧੨੩. ਮੇਰਾ ਤਾਂ ਸ਼ਿਕਵਾ ਸੀ ਕੇਵਲ ਤੇਰੇ ਨਾਲ
ਤੇਰੀ ਨਿਗਾਹ ਨੇ ਤਾਂ ਕਰ ਦਿੱਤੀ ਕਮਾਲ
ਮੇਰੇ ਸਭ ਸ਼ਿਕਵੇ ਤੇ ਗਿਲੇ ਮੈਨੂੰ ਭੁੱਲ ਗਏ
ਜਦੋਂ ਡਿੱਠਾ ਸੀ ਤੇਰਾ ਨੂਰੀ ਸੁੰਦਰ ਜਲਾਲ

○



Sri Satguru Jagjit Singh Ji eLibrary NamdhariElibrary@gmail.com

੧੨੪. ਮੈਂ ਤੇਰੀ ਵਧੀਕੀਆਂ ਨੂੰ ਭੁਲਾ ਦੇਂਦਾ ਹਾਂ
ਮੈਂ ਦੁਸ਼ਮਣ ਨੂੰ ਵੀ ਗਲੇ ਲਗਾ ਲੈਂਦਾ ਹਾਂ
ਮੈਂ ਉਹ ਬੇਪ੍ਰਵਾਹ ਫਕੀਰ ਹਾਂ "ਚੀਮਾ"
ਜੋ ਗਾਲਾਂ ਖਾ ਕੇ ਵੀ ਦਵਾ ਦਿੰਦਾ ਹਾਂ

○

੧੨੫. ਮੈਂ ਗੁਨਾਹੀ ਹਾਂ ਦਾਤਾ ਤੂੰ ਹੀ ਕੁਝ ਕਰਮ ਕਰ
ਮੇਰੇ ਜੁਰਮਾਂ ਦੀ ਸਜ਼ਾ ਕੁਝ ਨਰਮ ਕਰ
ਜੇ ਤੇਰੇ ਕੀਤਿਆਂ ਕਰਮਾਂ ਨੂੰ ਰੱਬ ਬਖਸ ਦੇਂਦਾ ਏ
ਅਗੋਂ ਹੀ ਕੁਝ "ਚੀਮਿਆਂ" ਤੂੰ ਸ਼ਰਮ ਕਰ

○

੧੨੬. ਮੇਰੇ ਗਿਲੇ ਦਾ ਤੂੰ ਕੀ ਦੇਂਗੀ ਜਵਾਬ
ਸੱਚੀ ਗੱਲ ਦਾ ਹੁੰਦਾ ਨਹੀਂ ਜਵਾਬ
ਇਕ ਵਾਰੀ ਹੱਸ ਕੇ ਜੇ ਤੂੰ ਵੇਖ਼ ਲੈ "ਚੀਮਾ"
ਬੱਸ ਇਹ ਹੀ ਮੇਰੇ ਗਿਲੇ ਦਾ ਜਵਾਬ

○

੧੨੭. ਗੈਰਾਂ ਨਾਲ ਤੇਰੀ ਪੈ ਗਈ ਭਿਆਲੀ
ਰਹਿਣ ਨਹੀਂ ਦੇਂਦਾ ਗਮ ਮੇਰਾ ਦਿਲ ਖਾਲੀ
ਇਹ ਵੀ ਠੀਕ ਹੋਇਆ ਹੈ ਮੇਰੇ ਸਾਜਨ
ਗਮ ਤੋਂ ਨ ਮੈਂ ਖਾਲੀ ਨ ਤੂੰ ਖਾਲੀ

○



Sri Satguru Jagjit Singh Ji eLibrary NamdhariElibrary@gmail.com

੧੨੮. ਮੈਂ ਦਰਦ ਭਰਿਆ ਗੀਤ
ਸੁਰ ਵਿਚ ਗਉਂ ਗਿਆ
ਮੰਜ਼ਲ ਨੇੜੇ ਪਹੁੰਚ ਕੇ
ਪਿੱਛਾਂ ਨੂੰ ਭਉਂ ਗਿਆ
ਦਰਦ ਮੇਰੇ ਦੀ ਦਾਸਤਾਂ
ਨ ਮੁੱਕ ਸਕੀ
ਉਹ ਸੁਣਦੀ ਸਉਂ ਗਈ
ਮੈਂ ਵੀ ਕਹਿੰਦਾ ਸਉਂ ਗਿਆ

○

੧੨੯. ਮੈਂ ਤੇਰੀ ਤਸਵੀਰ ਨੂੰ ਸੀਨੇ ਨਾਲ ਲਾਇਆ ਏ
ਤੇਰੇ ਨੈਣਾਂ ਚੋਂ ਪੀ ਕੇ ਨਸ਼ਾ ਆਇਆ ਏ
ਕਿਸੇ ਮੱਕੇ ਮਦੀਨੇ ਮੰਦਰ ਦੀ ਹੁਣ ਲੋੜ ਨਹੀਂ
ਚੀਮੇ ਨੂੰ ਦਿਲਬਰ ਚੋਂ ਹੀ ਕਾਬਾ ਨਜ਼ਰ ਆਇਆ ਏ

○

੧੩੦. ਕਿਉਂ ਵੱਟੇ ਚਲਾਂਦੇ ਹੋ
ਫੁੱਲ ਬਰਸਾਣ ਤੋਂ ਬਾਦ
ਕਿਉਂ ਨਫਰਤ ਵਿਖਾਉਂਦੇ ਹੋ
ਮੁਸਕਰਾਣ ਤੋਂ ਬਾਦ
ਤੇਰੀ ਮੁਸਕਰਾਹਟ ਨੇ
ਮੇਰੇ ਵਿਚ 'ਜਾਨ ਪਾਈ ਏ
ਹੁਣ ਕਿਉਂ ਪਿੱਠ ਵਿਖਾਂਦੇ ਹੋ "ਚੀਮਾ"
ਗਲ ਲਗਾਣ ਤੋਂ ਬਾਦ

○



Sri Satguru Jagjit Singh Ji eLibrary NamdhariElibrary@gmail.com

੧੩੧- ਤੇਰੀ ਤਸਵੀਰ ਨੂੰ ਬਹੁਤ ਚਿਰ ਤੱਕਦਾ ਰਿਹਾ ਹਾਂ
ਸਾਂਭ ਸਾਂਭ ਇਸ ਨੂੰ ਬਟਵੇ 'ਚ ਰੱਖਦਾ ਰਿਹਾ ਹਾਂ
ਅੱਖਾਂ ਖੁੱਲ੍ਹੀਆਂ ਤਾਂ ਕੁਝ ਵੀ ਨਜ਼ਰ ਨ ਆਇਆ
ਸੁਪਨੇ ਵਿਚ ਹੀ ਮੈਂ ਉਸ ਨੂੰ ਦੱਸਦਾ ਰਿਹਾ ਹਾਂ

○

੧੩੨. ਦੌੜ ਜਾਓ ਦੋਸਤੋ ਦੁਸ਼ਮਣ ਨੂੰ ਚੰਗਾ ਫੰਡ ਕੇ
ਇਹ ਪੁਰਾਣੀ ਗਲ ਹੈ ਕਿ ਰੱਖੋ ਬੱਚਾ ਚੰਡ ਕੇ
ਪੇਟੂ ਬਣ ਕੇ ਸਭ ਕੁਝ ਨ ਹਜ਼ਮ ਕਰ ਜਾ ਚੀਮਿਆ
ਨਾਨਕ ਗੁਰੂ ਦਾ ਹੁਕਮ ਹੈ ਕਿ ਖਾਓ ਸਾਰੇ ਵੰਡ ਕੇ

○

੧੩੩. ਬੁਜ਼ਦਿਲ ਨੇ ਦੌੜ ਜਾਂਦੇ ਰਣ ਚੋਂ ਕਈ ਕੰਢ ਦੇ
ਜ਼ਹਿਰ ਨ ਦੇਵੋ ਉਸ ਨੂੰ ਜੇ ਕੋਈ ਮਰਦਾ ਏ ਖੰਡ ਦੇ
ਇਹੋ ਜਿਹੇ ਯਾਰਾਂ ਤੋਂ "ਚੀਮਾ" ਦੂਰ ਰਹੋ ਤੂੰ ਲੱਖ ਕੋਹ
ਮੂੰਹ ਤੇ ਜੋ ਸਿਫਤ ਕਰਨ ਪਿਛੋਂ ਤੈਨੂੰ ਭੰਡ ਦੇ

○

੧੩੪. ਯਾਰ ਯਾਰਾਂ ਦੀਆਂ ਨੇ ਜੜ੍ਹਾਂ ਵੱਢਦੇ,
ਵਿਚ ਮੁਸੀਬਤ ਦੋਸਤਾਂ ਨੂੰ ਛੱਡਦੇ
ਝੂਠਿਆਂ ਦੇ ਨਾਲ ਬਹਿਸ ਕਰ ਨ "ਚੀਮਿਆਂ"
ਰਾਹ ਵਿਚ ਨੇ ਹੱਗਦੇ ਤੇ ਨਾਲ ਆਨੇ ਅੱਡਦੇ

○



Sri Satguru Jagjit Singh Ji eLibrary NamdhariElibrary@gmail.com

੧੩੫. ਪਿਆਰ ਦਾ ਪਿਆਰ 'ਚ ਜਵਾਬ ਨਹੀਂ ਮਿਲਦਾ
ਗੁਸਤਾਖ ਤੋਂ ਕਦੀ ਅਦਬ ਅਦਾਬ ਨਹੀਂ ਮਿਲਦਾ
ਅਕ੍ਰਿਤਘਣ ਨਾਲ ਕਿੰਨੀ ਨੇਕੀ ਕਰੋ
ਉਸ ਤੋਂ ਕਦੀ ਵੀ ਸੁਆਬ ਨਹੀਂ ਮਿਲਦਾ

○

੧੩੬. ਛੋਟੀ ਛੋਟੀ ਵਿਰਲ ਦੇ ਦਰਾੜ ਬਣਦੇ ਨੇ
ਖੰਬਾਂ ਦੇ ਵੱਡੇ-ਵੱਡੇ ਡਾਰ ਬਣਦੇ ਨੇ
ਜ਼ਮਾਨੇ ਦੀ ਕੁਝ ਫਿਤਰਤ ਹੀ ਬਦਲ ਗਈ ਏ
ਏਥੇ ਤਾਂ ਝੱਟ ਰਾਈ ਦੇ ਪਹਾੜ ਬਣਦੇ ਨੇ

○

੧੩੭. ਜ਼ਿੰਦਗੀ, ਜ਼ਿੰਦਗੀ ਤਾਂ ਹੈ ਜੇ ਚੰਗੇ ਕਰਮ ਕਰੇ
ਨਿੱਕੀ ਨਿੱਕੀ ਗਲ ਤੇ ਨ ਭਰਮ ਕਰੇ
ਜੇ ਭਾਂਡੇ ਦਾ ਹੀ ਮੂੰਹ ਚੌੜਾ ਹੋਵੇ "ਚੀਮਿਆਂ"
ਫਿਰ ਕੁੱਤੇ ਨੂੰ ਹੀ ਚਾਹੀਦਾ ਕੁਝ ਸ਼ਰਮ ਕਰੇ

○

੧੩੮. ਦੁਸ਼ਮਣ ਨੂੰ ਵੇਖ ਕੇ ਨ ਵੱਟ ਦੇਵੋ ਮੁੱਛ ਨੂੰ
ਭੇਦ ਕਦੇ ਨ ਦੇਵੋ ਕਮ-ਅਕਲ ਦੂਸ਼ ਨੂੰ
ਸਿੱਧੀ ਨਹੀਂ ਹੁੰਦੀ "ਚੀਮਿਆਂ" ਸੌ ਵਰ੍ਹਾ
ਭਾਵੇਂ ਬਾਂਸ 'ਚ ਪਾਵੋ ਕੁੱਤੇ ਦੀ ਪੂਛ ਨੂੰ

○



Sri Satguru Jagjit Singh Ji eLibrary NamdhariElibrary@gmail.com

੧੩੯. ਚੰਗੇ ਬੁਲਾਰੇ ਨੂੰ ਹਰ ਕੋਈ ਪਸੰਦ ਕਰਦਾ ਏ
ਉਹ ਦੁਨੀਆਂ 'ਚ ਨਾਮ ਬਲੰਦ ਕਰਦਾ ਏ
ਥੋੜੇ ਸ਼ਬਦਾਂ 'ਚ ਗਲ ਕਰਨਾ ਉਸ ਦਾ ਆਰਟ ਏ
ਜਾਣੋ ਕਿ ਕੁੱਜੇ ਵਿਚ ਉਹ ਦਰਯਾ ਬੰਦ ਕਰਦਾ ਏ

○

੧੪੦. ਕੱਚੇ ਵੈਦ ਦੀ ਵੇਖੋ ਏ ਕਾਰ ਗੁਜਾਰੀ
ਨਾ ਰਹਿੰਦਾ ਰੋਗੀ ਨ ਰਹਿੰਦੀ ਬਿਮਾਰੀ
ਚੂਹੇ ਨੂੰ ਸੁੰਢ ਦੀ ਗੰਢੀ ਇਕ ਸੀ ਮਿਲੀ
ਬਣ ਬੈਠਾ "ਚੀਮਾ" ਉਹ ਵੇਖੋ ਪੰਸਾਰੀ

○

੧੪੧. ਚਮਚਾਗਰੀ ਦਾ ਚੰਗਾ ਨਹੀਂ ਆਰਟ
ਦਿਓ ਨ ਕਿਸੇ ਨੂੰ ਝੂਠੀ ਉਕਸਾਹਟ
ਇਨੀ ਨ ਦੇਈਂ ਫੂਕ ਉਸ ਨੂੰ "ਚੀਮਾ"
ਕਿ ਵਾਂਗੂੰ ਭਕਾਨੇ ਉਹ ਜਾਏ ਨ ਪਾਟ

○

੧੪੨. ਫੀਮ ਦਾ ਗੋਲਾ ਖਾ ਕੇ ਨਿੱਤ ਲੈਂਦਾ ਝੋਕਾਂ
ਪੜ੍ਹਿਆ ਲਓੜੂ ਵਾਲ ਤੀਕ ਕਰੇ ਅਰਥ ਸਲੋਕਾਂ
ਤਾਂ ਹੀ ਲੋਕੀ ਹੱਸਦੇ ਇਹ ਆਖਣ "ਚੀਮਾਂ"
ਆਪ ਤਾਂ ਬੀਬੀ ਕੋਕਾਂ, ਮੱਤਾਂ ਦੇਂਦੀ ਲੋਕਾਂ

○



Sri Satguru Jagjit Singh Ji eLibrary NamdhariElibrary@gmail.com

੧੪੩. ਜੇਹੜਾ ਹੱਥੀਂ ਕੰਮ ਨਹੀਂ ਕਰਦਾ
ਉਸ ਨੂੰ ਰੋਟੀ ਦੇਵੇ ਕੌਣ
ਭੁੱਖੇ ਮਰਦੇ ਉਹ ਹੀ ਜੱਗ ਵਿਚ
ਬੇਫ਼ਿਕਰੇ ਜੋ ਹੋ ਕੇ ਸੌਣ
ਤੂੰ ਵੀ ਉੱਦਮ ਕਰ ਲੈ "ਚੀਮਾ"
ਸੱਚਾ ਕਰਦੇ ਇਹ ਅਖਾਣ
ਉੱਦਮ ਅੱਗੇ ਲੱਛਮੀ
ਤੇ ਪੱਖੇ ਅੱਗੇ ਪੌਣ

○

੧੪੪. ਅੱਖੜ ਨਾਲ ਜੇ ਪਏ ਵਾਸੜਾ
ਉਸ ਦੇ ਅੱਗੇ ਜਾਵੋ ਨਿਉਂ
ਉਹ ਨਹੀਂ ਦਿਲ ਤੋਂ ਕਦੀ ਝਿੜਕਦਾ
ਜਿਸ ਨਾਲ ਹੋਵੇ ਸੱਚਾ ਨਿਉਂ
ਜਿਸ ਨੇ ਕੁੱਟਣੀ ਹੋਵੇ ਜ਼ਨਾਨੀ
ਉਹ ਭੱਜ ਬਹਾਨਾ ਲੱਭਦਾ ਏ
ਦੋ ਤਿੰਨ ਡੰਡੇ ਠੋਕ ਕੇ ਆਖੇ
ਆਟਾ ਗੁੰਨਦੀ ਹਿਲਦੀ ਕਿਉਂ

○

੧੪੫. ਕਾਦਰ ਕਿੱਡਾ ਵੱਡਾ ਹੈ, ਏ ਤਾਂ ਅੱਖੀਂ ਡਿੱਠਾ ਹੋਇ
ਉਸ ਦੀ ਖੋਜ ਕਰੋ ਦਿਨ ਰਾਤੀਂ, ਅਤਿ ਢੀਠੀ ਅਤਿ ਢੀਠਾ ਹੋਇ
ਕਾਹਲ ਨਾਲ ਨਹੀਂ ਕੰਮ ਸੌਰਤੇ, ਕਾਹਲ ਅੱਗੇ ਨਿੱਤ ਹੁੰਦੇ ਟੋਇ
"ਚੀਮਾ" ਗਲ ਸਿਆਣਿਆਂ ਆਖੀ ਸਹਿਜ ਪੱਕੇ ਸੋ ਮੀਠਾ ਹੋਇ

○



Sri Satguru Jagjit Singh Ji eLibrary NamdhariElibrary@gmail.com

੧੪੬. ਆਦਮਖੋਰ ਨ ਬਣੋ
ਰਿਸ਼ਵਤਖੋਰ ਨ ਬਣੋ
ਕਿਸੇ ਦੀ ਨਿੰਦਿਆ ਕਰਕੇ "ਚੀਮਾ"
ਚੁਗਲਖੋਰ ਨ ਬਣੋ

○

੧੪੭. ਆਲਮਾਂ 'ਚ ਗਲ ਕਰੋ ਖੁੱਲ੍ਹ ਕੇ,
ਨ ਗਵਾਓ ਮਾਨ ਕਿਸੇ ਤੇ ਡੁੱਲ ਕੇ
ਸੰਗਤ ਕਰਨੀ ਏ ਤਾਂ ਕਰੋ ਨੇਕ ਦੀ
ਮੂਰਖਾਂ 'ਚ ਜਾ ਨ "ਚੀਮਾ" ਭੁੱਲ ਕੇ

○

੧੪੮, ਨ ਕਿਸੇ ਫਸਾਦ ਦੀ ਲੋੜ ਏ
ਨ ਜਨੂੰਨੀ ਜਹਾਦ ਦੀ ਲੋੜ ਏ
ਜੇ ਸੁੱਖ ਨਾਲ ਰਹਿਣਾ ਏ "ਚੀਮਾ"
ਤਾਂ ਹੁਣ ਇਤਹਾਦ ਦੀ ਲੋੜ ਏ

○

੧੪੯. ਬੇਦਰਦਾਂ ਅਗੇ ਨ ਫਰਿਆਦ ਦੀ ਲੋੜ ਏ
ਨਾ ਕਿਸੇ ਨਾਲ ਵਾਦ-ਵਿਵਾਦ ਦੀ ਲੋੜ ਏ
ਕਵੀ ਤਾਂ ਸਿਰਫ ਪਿਆਰ ਦਾ ਭੁੱਖਾ ਏ "ਚੀਮਾ"
ਇਸ ਨੂੰ ਤਾਂ ਕੇਵਲ ਦਾਦ ਦੀ ਲੋੜ ਏ

○



Sri Satguru Jagjit Singh Ji eLibrary NamdhariElibrary@gmail.com

੧੫੦. ਭਾਵੇਂ ਮੈਂ ਸਹਿਕਨਾ ਬੇਸ਼ਕ
ਮੇਰੇ ਵਿਚ ਜਾਨ ਬਾਕੀ ਏ
ਮੰਨਜ਼ਲ ਤੇ ਜਾਨ ਲਈ
ਅਜੇ ਕੁਝ ਤਾਨ ਬਾਕੀ ਏਂ
ਦਰਦ ਦੀ ਮੇਰੀ ਕਹਾਣੀ
ਸੁਣ ਕੇ ਥੱਕ ਗਿਆ "ਚੀਮਾ"
ਅਜੇ ਤਾਂ ਮੇਰੀ ਕੁਝ
ਦਾਸਤਾਂ ਬਾਕੀ ਏ

○

੧੫੧. ਹਮੇਸ਼ਾਂ ਕਰੋ ਨੇਕ ਕਰਮ
ਬਦੀ ਤੋਂ ਕਰੋ ਸ਼ਰਮ
ਜੇ ਤੁਸੀਂ ਗੁਰੂ ਤੋਂ ਬੇਮੁੱਖ ਹੋ
ਕਿਸੇ ਅਰਥ ਨਹੀਂ ਫੋਕਟ ਧਰਮ

○

੧੫੨. ਐ ਲੋਕੋ ਕਜ਼ਾ ਤੋਂ ਡਰੋ
ਪਾਪ ਦੀ ਸਜ਼ਾ ਤੋਂ ਡਰੋ
ਮਨਮੁਖ ਨ ਬਣੋ ਗੁਰਮੁਖ ਬਣੋ
ਹਮੇਸ਼ਾ ਰੱਬ ਦੀ ਰਜ਼ਾ ਤੋਂ ਡਰੋ

○

੧੫੩. ਸਚਾਈ ਨੂੰ ਕਿੰਨਾ ਚਿਰ ਕੋਈ ਦਬਾ ਸਕਦਾ ਏ
ਝੂਠ ਨੂੰ ਕਿੰਨਾ ਚਿਰ ਕੋਈ ਲੁਕਾ ਸਕਦਾ ਏ
ਅਸਲੀਅਤ ਨੇ ਤਾਂ ਇਕ ਦਿਨ ਬਾਹਰ ਆਉਣਾ ਏ
ਕਿੰਨਾ ਚਿਰ ਸੂਰਜ ਨੂੰ ਛਿੱਕੂ 'ਚ ਛੁਪਾ ਸਕਦਾ ਏ

○



Sri Satguru Jagjit Singh Ji eLibrary NamdhariElibrary@gmail.com

੧੫੪. ਕਦੋਂ ਤੱਕ ਅੱਖੀਂ ਵੇਖ ਕੇ
ਜ਼ਹਿਰ ਪੀ ਸਕੇਗਾ ਕੋਈ ?
ਪਾਣੀ ਰਿੜਕ ਕੇ ਕਿਵੇਂ
ਕੱਢ ਘੀ ਸਕੇਗਾ ਕੋਈ ?
ਹਿੰਮਤ ਜਦੋਂ ਆਉਂਦੀ ਏ "ਚੀਮਾ"
ਆਪਣੀ ਕੰਮ ਆਉਂਦੀ ਏ
ਬਿਗਾਨੀ ਧਾੜ ਤੇ ਕਦੋਂ ਤੱਕ
ਜੀਅ ਸਕੇਗਾ ਕੋਈ

○

੧੫੫. ਰੱਬ ਨਹੀਂ ਬੈਠਾ ਕਿਸੇ ਪਹਾੜ ਦੀ ਵਿਚ ਕੰਦਰ
ਨ ਉਹ ਲੁੱਕ ਕੇ ਬੈਠਾ ਕਿਸੇ ਮਸੀਤ ਤੇ ਮੰਦਰ
ਰੱਬ ਤੀਰਥਾਂ ਨ ਧਰਮਸ਼ਾਲਾ ਵਿਚ ਵਸਦਾ ਏ
ਉਹ ਤਾਂ ਵੱਸਦਾ "ਚੀਮਾ" ਹਮੇਸ਼ਾਂ ਦਿਲਾਂ ਦੇ ਅੰਦਰ

○

੧੫੬. ਕਿਸੇ ਨੂੰ ਧਨ ਦੌਲਤ ਜਾਂ ਸੁੰਦਰਤਾ ਪਿਆਰੀ ਏ
ਕੋਈ ਸਨਮਾਨ ਦਾ ਭੁੱਖਾ, ਚਾਹੁੰਦਾ ਖੁਦ ਮੁਖਤਾਰੀ ਸੇ
ਹੀਰੇ, ਮੋਤੀਆਂ ਦੇ ਵਣਜ ਕਰਦੇ ਬਹੁਤ ਵੇਖੇ ਨੇ
ਵਿਰਲਾ "ਚੀਮਿਆਂ" ਨਾਮ ਦਾ ਵਪਾਰੀ ਏ

○

੧੫੭. ਹਰ ਬੇਇਨਸਾਫੀ ਦੇ ਖਿਲਾਫ ਲੜਾਂਗਾ
ਝੂਠੇ ਹੈਂਕੜ ਬਾਜ਼ ਅੱਗੇ ਅੜਾਂਗਾ
ਦੇਸ਼ ਦੀ ਅਜ਼ਮਤ ਬਚਾਵਣ ਵਾਸਤੇ
ਹੱਸ ਹੱਸ ਕੇ ਫਾਂਸੀਆਂ ਤੇ ਚੜਾਂਗਾ

○



Sri Satguru Jagjit Singh Ji eLibrary NamdhariElibrary@gmail.com

੧੫੮. ਜਦੋਂ ਨਾਨਕ ਦਾ ਹੋਇਆ ਜੱਗ ਵਿਚ ਜ਼ਹੂਰ
ਫੈਲ ਗਿਆ ਚਾਰੋਂ ਤਰਫ ਨੂਰ ਹੀ ਨੂਰ
ਭਿੰਨੀ ਭੰਨੀ ਫਜ਼ਾ ਮਸਤੀਆਂ ਵੰਡਦੀ ਫਿਰੇ
ਆ ਗਿਆ ਹਰ ਬਸ਼ਰ ਨੂੰ ਰੱਬੀ ਸਰੂਰ

○

੧੫੯. ਸਚਾਈ ਕਹਿਣ ਤੋਂ ਨ ਪਰਹੇਜ਼ ਕਰੋ
ਤਕੱਬਰ ਆਪਣਾ ਨ ਤੇਜ਼ ਕਰੋ
ਪਰ ਇਹ ਵੀ ਸੋਚ ਲੈ "ਚੀਮਾ"
ਕਾਣੇ ਨੂੰ ਕਾਣਾ ਕਹਿਣ ਤੋਂ ਪਰਹੇਜ਼ ਕਰੋ

○

੧੬੦. ਜੇਕਰ ਫੁੱਲ ਨ ਖਿੜੇ ਤਾਂ ਕੀ ਜ਼ਿੰਦਗੀ ਏ
ਜੇ ਮਸਤੀ ਵਿਚ ਸਿਰ ਨ ਹਿਲੇ ਤਾਂ ਕੀ ਜ਼ਿੰਦਗੀ ਏ
ਝੂਠੇ ਦੋਸਤਾਂ ਨੂੰ ਮਿਲਣ ਦਾ ਸ਼ੌਕ ਨਹੀਂ "ਚੀਮਾ"
ਜੇ ਦਿਲ ਦਾ ਮਹਿਰਮ ਨ ਮਿਲੇ ਤਾਂ ਕੀ ਜ਼ਿੰਦਗੀ ਏ

○

੧੬੧. ਬੰਦ ਅੱਖਾਂ ਸਨ ਕਿਸੇ ਵਿਸਮਾਦ ਵਿਚ
ਮਸਤ ਬੈਠਾ ਸਾਂ ਮੈਂ ਰੱਬੀ ਸੁਆਦ ਵਿਚ
ਮੌਤ ਐਵੇਂ ਆਣ ਕੇ ਟੋਂਹਦੀ ਰਹੀ "ਚੀਮਾ"
ਮੈਂ ਤਾਂ ਬੈਠਾ ਸਾਂ ਕਿਸੇ ਦੀ ਯਾਦ ਵਿਚ

○



Sri Satguru Jagjit Singh Ji eLibrary NamdhariElibrary@gmail.com

੧੬੨. ਏ ਜਿਸਮ ਤੇਰਾ ਕੱਚਾ ਘੜਾ ਏ
ਬਲਦੀ ਅੱਗ ਨੂੰ ਇਕ ਬੁੱਲਾ ਬੜਾ ਏ
ਕੀ ਪਤਾ ਹੈ ਮੌਤ "ਚੀਮਾਂ" ਕਿਸ ਤਰ੍ਹਾਂ ਆਉਣੀ
ਜਮ ਦਾ ਸਖ਼ਤ ਡੰਡਾ ਸਿਰ ਤੇ ਖੜਾ ਏ

○

੧੬੩. ਹੁਸਨਾਂ ਦਾ ਦੂਰੋਂ ਨਜ਼ਾਰਾ ਕਰੋ
ਪ੍ਰੀਤਾਂ ਦਾ ਪਾਣੀ ਨ ਖਾਰਾ ਕਰੋ
ਨੀਵੇਂ ਦਰੱਖਤਾਂ ਨੂੰ ਹੀ ਫਲ ਲੱਗਦਾ
ਦੁਨੀਆਂ ਵਿਚ ਝੁਕ ਕੇ ਗੁਜ਼ਾਰਾ ਕਰੋ

○

੧੬੪. ਮੌਤ ਤੇ ਅਖਤਿਆਰ ਕਿਸ ਨੂੰ ਹੈ ?
ਜੀਣ ਦਾ ਇਤਬਾਰ ਕਿਸ ਨੂੰ ਹੈ ?
ਜ਼ਿੰਦਗੀ ਤਾਂ ਇਕ ਤਮਾਸ਼ਾ ਹੈ "ਚੀਮਾ"
ਇਸ ਦਾ ਮਿਲਿਆ ਅਸਰਾਰ ਕਿਸ ਨੂੰ ਹੈ ?

○

੧੬੫. ਅਸਾਂ ਜੋ ਮੰਗਿਆ ਸੀ, ਮੰਗਿਆ ਉਠਾ ਕੇ ਹੱਥ
ਦਾਮਨ ਤੇਰਾ ਫੜ ਲਿਆ ਵਧਾ ਕੇ ਹੱਥ
ਮੇਰੀ ਤਾਂ ਪਹੁੰਚ ਕੇਵਲ ਤੇਰੇ ਤੀਕ ਸੀ
ਹੁਣ ਤਾਂ ਇੱਜ਼ਤ ਏ "ਚੀਮਾ" ਦਿਲਰੁਬਾ ਦੇ ਹੱਥ

○



Sri Satguru Jagjit Singh Ji eLibrary NamdhariElibrary@gmail.com

੧੬੬. ਸਭਨਾ ਦੀ ਤਾਰ ਏ ਦਾਤਾਰ ਦੇ ਹੱਥ ਵਿਚ
ਸ਼ਾਂਤੀ ਤਾਂ ਕੇਵਲ ਹੈ ਬੰਦਗੀ ਦੇ ਪੱਥ ਵਿਚ
ਅਮਲ ਜੋ ਤੂੰ ਚੰਗੇ ਤੇ ਮੰਦੇ ਹੈਂ ਕਰਦਾ ਏਂ
ਪਰਖੇ ਜਾਣੇ "ਚੀਮਾ" ਮਾਲਕ ਦੀ ਸੱਥ ਵਿਚ

○

੧੬੭. ਤੇਰੇ ਹੁਸਨ ਅੱਗੇ ਕੀ ਗੁਲਾਬ ਏ
ਤੇਰੀ ਹਰ ਅਦਾ ਲਾਜਵਾਬ ਏ
ਚੰਨ ਵਿਚ ਵੀ ਦਾਗ ਨਜ਼ਰ ਆਉਂਦਾ ਏ
ਪਰ ਤੇਰਾ ਬੇਦਾਗ ਸ਼ਬਾਬ ਏ

○

੧੬੮. ਨ ਪੁੱਛ ਮੇਰੀ ਜ਼ਿੰਦਗੀ ਦੀ ਦਰਦ ਭਰੀ ਦਾਸਤਾਂ
ਨ ਮੈਂ ਇਨ੍ਹੂੰ ਕਹਿ ਸਕਾਂ ਤੇ ਨ ਹੀ ਏ ਛੁਪਾ ਸਕਾਂ
ਮੇਰੀ ਕਿਸਮਤ ਦਾ ਤਾਂ ਛੱਪਰ ਫੱਟ ਗਿਆ "ਚੀਮਾ"
ਨ ਮੈਂ ਏ ਬਣਾ ਸਕਾਂ ਤੇ ਨ ਹੀ ਢਾਹ ਸਕਾਂ

○

੧੬੯. ਕਈਆਂ ਦੀ ਜ਼ਿਦਗੀ ਸੰਸਰ ਵਿਚ ਗੁਮਣਾਮ ਜਾਂਦੀ ਏ
ਕਈਆਂ ਦੀ ਭੁਖਮਰੀ ਵਿਚ ਜ਼ਿੰਦਗੀ ਬੇਕਾਮ ਜਾਂਦੀ ਹੈ
ਕਿਸੇ ਦੀ ਚਾਰ ਦਿਨ ਦੀ ਜ਼ਿੰਦਗੀ ਸੌ ਕੰਮ ਆਉਂਦੀ ਏ
ਕਿਸੇ ਦੀ ਸੌ ਬਰਸ ਦੀ "ਚੀਮਿਆਂ" ਹਰਾਮ ਜਾਂਦੀ ਏ

○



Sri Satguru Jagjit Singh Ji eLibrary NamdhariElibrary@gmail.com

੧੭੦. ਮੌਸਮ ਵਿਚ ਕਦੀ ਖੁਸ਼ਕੀ ਕਦੀ ਨਮੀ ਆਉਂਦੀ ਏ
ਮਾਇਆ ਵੀ ਕਦੀ ਬਹੁਤ ਕਦੀ ਕਮ ਆਉਂਦੀ ਏ
"ਜ਼ਿੰਦਗੀ ਤਾਂ "ਚੀਮਿਆਂ" ਇਨਕਲਾਬ ਵਾਂਗੂੰ ਹੈ
ਕਦੀ ਇਸ ਵਿਚ ਖੁਸ਼ੀ ਤੇ ਕਦੀ ਗਮੀ ਆਉਂਦੀ ਏ

○

੧੭੧. ਮੇਰੀ ਮੌਤ ਤੇ ਨ ਮਾਤਮ ਕਰੇ ਕੋਈ
ਲਾਸ਼ ਮੇਰੀ ਵੇਖ ਕੇ ਨ ਡਰੇ ਕੋਈ
ਮੈਂ ਤਾਂ ਇਕ ਬ੍ਰਿਖ ਦਾ ਪੱਤਾ ਹਾਂ "ਚੀਮਾ"
ਮੇਰੇ ਲਈ ਹੰਝੂ ਨ ਭਰੇ ਕੋਈ

○

੧੭੨. ਤੇਰੀ ਦਰਗਾਹ ਤੇ ਦੱਸ ਕੀ ਮੈਂ ਲਿਆਵਾਂ ?
ਕਿਸ ਚੀਜ਼ ਦਾ ਮੈਂ ਚੜ੍ਹਾਵਾ ਚੜ੍ਹਾਵਾਂ ?
ਮੇਰੇ ਕੋਲ ਸ਼ਰਧਾ ਭਰੋਸੇ ਦੇ ਫੁੱਲ ਏ
ਜੇ ਰੀਝੇਂ ਤਾਂ "ਚੀਮਾ" ਤੇਰੇ ਦਰ ਤੇ ਆਵਾਂ ?

○

੧੭੩. ਬੁਰੇ ਦੌਰ ਚੋਂ ਮੇਰੀ ਜ਼ਿੰਦਗੀ ਹੈ ਲੰਘੀ
ਗਮਾਂ ਨੇ ਕਈ ਵਾਰ ਘੁੱਟੀ ਹੈ ਸੰਘੀ
ਏਨਾ ਤੂੰ ਵਹਿਮਾਂ 'ਚ ਪਿਆ ਕਰ ਨ "ਚੀਮਾ"
ਹੁੰਦੀ ਏ ਹਾਲਤ ਕਦੀ ਮੰਦੀ ਚੰਗੀ

○



Sri Satguru Jagjit Singh Ji eLibrary NamdhariElibrary@gmail.com

੧੭੪. ਜੇ ਮੈਂ ਹਰ ਗਿਆ
ਤਾਂ ਕੀ ਹੋ ਗਿਆ ਏ

ਜੇ ਦੁੱਖ ਜਰ ਗਿਆ
ਤਾਂ ਕੀ ਹੋ ਗਿਆ ਏ

ਇਕ ਦਿਨ ਤਾਂ ਮਰਨਾ
ਜ਼ਰੂਰੀ ਸੀ "ਚੀਮਾ"

ਜੇ ਮੈਂ ਮਰ ਰਿਹਾ ਹਾਂ
ਤਾਂ ਕੀ ਹੋ ਗਿਆ ਏ

○

੧੭੫. ਕਦੋਂ ਤੱਕ ਜੀਆਂਗੇ ਕਿਸੇ ਦੇ ਸਹਾਰੇ
ਕਿੰਨਾ ਚਿਰ ਬਹੋਗੇ ਕਿਸੇ ਦੇ ਸਹਾਰੇ
ਆਪਣੀ ਹੀ ਹਿੰਮਤ ਹੈ ਕੰਮ ਕੰਮ ਆਵੇ "ਚੀਮਾ"
ਜਦੋਂ ਪੀਂਘ ਚੜ੍ਹਦੀ ਏ, ਆਪਣੇ ਹੁਲਾਰੇ

○

੧੭੬. ਗੁੱਸਾ ਬੰਦੇ ਨੂੰ ਬਣਾਉਂਦਾ ਹੈਵਾਨ ਏ
ਗੁੱਸੇ 'ਚ ਬੰਦਾ ਭੁੱਲਦਾ ਭਗਵਾਨ ਏ
ਇਸ ਦਾ ਇਲਾਜ ਹੈ ਕੋਈ ਨਹੀਂ "ਚੀਮਾਂ"
ਇਸ ਦੀ ਦਵਾ ਤਾਂ ਕੇਵਲ ਮਿੱਠੀ ਜ਼ਬਾਨ ਏ

○

੧੭੭. ਕੀ ਮੈਂ ਨੋਸ਼ਾਂ ਹੀ ਨਸ਼ਰ ਹੋਣੈ, ਖ਼ੁਦਾ ਜਾਣੇ ?
ਆਕਬਤ ਦਾ ਕਿਵੇਂ ਸਫ਼ਰ ਹੋਣਾ ਏ, ਖ਼ੁਦਾ ਜਾਣੇ
ਜੋ ਪੀਂਦੇ ਲਹੂ ਗਰੀਬਾਂ ਦਾ, ਤੇ ਜ਼ਰਾ ਨਹੀਂ ਡਰਦੇ
ਉਸ ਦਾ ,'ਚੀਮਿਆਂ" ਕੀ ਹਸ਼ਰ ਹੋਣਾ ਏ ਖ਼ੁਦਾ ਜਾਣੇ

○



Sri Satguru Jagjit Singh Ji eLibrary NamdhariElibrary@gmail.com

੧੭੮. ਕੀ ਕਦੀ ਸੁਪਨੇ ਵਿਚ ਵੀ ਨ ਆਉਗੇ ?
ਮੈਨੂੰ ਕਦੀ ਕੀ ਸੂਰਤ ਨਾ ਵਿਖਾਓਗੇ ?
ਏ ਤਾਂ ਖੁਸ਼ੀ ਤੁਹਾਡੀ ਏ ਚੰਨਾ
ਮੇਰੇ ਤਸੱਵਰ 'ਚੋਂ ਕਿਵੇਂ ਨਿਕਲ ਜਾਓਗਾ ?

○

੧੭੯. ਰੱਬ ਦਾ ਅੰਤ ਪਾਣ ਦਾ ਯਤਨ ਹੈ ਬੇਸੂਦ
ਉਹ ਅਗੰਮ ਅਗੋਚਰ, ਹੈ ਲਾ ਮਹਿਦੂਦ
ਉਸ ਦੀ ਨ ਕੋਈ ਜਾਤ ਪਾਤ ਹੈ "ਚੀਮਾ"
ਨ ਹੀ ਕੋਈ ਉਸ ਦਾ ਹੈ ਵਜੂਦ

○

1੮੦. ਕੌਣ ਹੈ ਜੋ ਖਤਾ ਨਹੀਂ ਕਰਦਾ
ਕੌਣ ਹੈ ਜੋ ਦੁਆ ਨਹੀਂ ਕਰਦਾ
ਕੌਣ ਆਖ ਸਕਦਾ ਹੈ "ਚੀਮਿਆਂ"
ਜਿਸ ਦੀ ਮੱਦਦ ਖੁਦਾ ਨਹੀਂ ਕਰਦਾ

○

1੮1 ਦੁਸ਼ਮਣ ਤੇ ਦੋਸਤ ਦੀ ਪਰਖ ਐ ਨਾਦਾਨ ਕਰ
ਅਗਲੇ ਸਫਰ ਦਾ ਕੁਝ ਦੋਸਤਾ ਸਾਮਾਨ ਕਰ
ਹੋਰਨਾ ਨੂੰ ਜਾਚਨਾ ਪਹਿਚਾਨਣਾ ਮੁਸ਼ਕਲ ਨਹੀਂ
ਕਦੀ ਤਾਂ ਤੂੰ "ਚੀਮਿਆਂ" ਆਪਣੀ ਪਹਿਚਾਣ ਕਰ

○



Sri Satguru Jagjit Singh Ji eLibrary NamdhariElibrary@gmail.com

੧੮੨. ਮੇਰੇ ਕੋਲ ਨ ਕੋਈ ਗੀਤ ਤੇ ਨ ਸਾਜ਼ ਏ
ਇਕ ਮੇਰੀ ਤੇ ਤੇਰੀ ਹੀ ਅਵਾਜ਼ ਏ
ਲੈਅ ਨ ਟੁੱਟ ਜਾਏ ਮੇਰੇ ਗੀਤ ਦੀ ਹੁਣ "ਚੀਮਿਆਂ"
ਸਿਖਰ ਉੱਤੇ ਪੁੱਜ ਗਈ ਸਨਮ ਮੇਰੀ ਪ੍ਰਵਾਜ਼ ਏ

○

੧੮੩. ਜ਼ਿੰਦਗੀ ਦਰਦ ਦੇ ਸਿਵਾ ਕੁਝ ਭੀ ਨਹੀਂ
ਦਰਦ ਵੀ ਉਹ ਜਿਸ ਦੀ ਦਵਾ, ਕੁਝ ਭੀ ਨਹੀਂ
ਦਰਦ ਹੁੰਦਾ ਰਹੇਗਾ ਤੇ ਜੀਵਨ ਬੀਤ ਜਾਏਗਾ
ਸਾਨੂੰ ਇਸ ਦਰਦ ਦੀ ਪ੍ਰਵਾਹ ਕੁਝ ਭੀ ਨਹੀਂ

○

੧੮੪. ਗਮ ਜ਼ਿੰਗਦੀ ਦਾ ਸਹਾਰਾ ਏ
ਮੈਨੂੰ ਗਮ ਵੀ ਪਿਆਰਾ ਏ
ਮੇਰਾ ਜੀਵਨ ਕੋਈ ਜੀਵਨ ਏ "ਚੀਮਾ"
ਨ ਮਰਨ ਤੇ ਨ ਜੀਣ ਦਾ ਚਾਰਾ ਏ

○

੧੮੫. ਦੁੱਖਾਂ ਭਰੀ ਜ਼ਿੰਦਗੀ ਅਜ਼ਾਬ ਏ
ਸੁੱਖ ਦਾ ਜੀਵਨ ਬੜਾ ਨਾਯਾਬ ਏ
ਫੁੱਲ ਵਾਂਗ ਖੁਸ਼ ਰਹੋ ਖੁਸ਼ਬੋ ਦਿਓ
ਬਹੁਤ ਲੰਮੀ ਉਮਰ ਦਾ ਕੀ ਲਾਭ ਏ ?

○



Sri Satguru Jagjit Singh Ji eLibrary NamdhariElibrary@gmail.com

੧੮੬. ਦਿਨ ਰਾਤ ਜੋੜ੍ਹੇ ਪੀਂਦੇ ਸ਼ਰਾਬ ਵੇਖੇ ਨੇ
ਜ਼ਿੰਦਗੀ 'ਚ ਹੁੰਦੇ ਉਹ ਖਰਾਬ ਵੇਖੇ ਨੇ
ਜਿੰਨ੍ਹਾਂ ਵਿਚ ਹੌਂਸਲਾ, ਉਤਸ਼ਾਹ ਹਿੰਮਤ "ਚੀਮਿਆ"
ਜ਼ਿੰਦਗੀ 'ਚ ਉਹੀ ਕਾਮਯਾਬ ਵੇਖੇ ਨੇ

○

੧੮੭. ਮੈਂ ਖਾਨੇ ਪਹੁੰਚ ਕਈ ਟਿਕਾਣਾ ਭੁੱਲ ਗਏ
ਮਸਤੀ 'ਚ ਆਪਣਾ ਤੇ ਬੇਗਾਨਾ ਭੁੱਲ ਗਏ
ਜ਼ਿੰਦਗੀ ਦੀ ਰਾਹ ਤੋਂ ਭਟਕ ਗਏ ਨੇ "ਚੀਮਿਆ"
ਇਸ ਦੁਨੀਆਂ ਤੋਂ ਪਿੱਛਾ ਜਾਣਾ ਹੀ ਨੇ ਭੁੱਲ ਗਏ

○

੧੮੮. ਚੰਗੀ ਗੱਲ ਏ ਕਿ ਸ਼ਰਾਬ ਨ ਪੀ
ਐ ਮੂਰਖ ਬੇਹਿਸਾਬ ਨ ਪੀ
ਜੇ ਪੀਣੀ ਏ ਤਾਂ ਮੁਰਸ਼ਦ ਤੋਂ ਜਾਮ ਪੀ
ਜੋ ਬਦਨਾਮ ਕਰੇ ਉਹ ਵਸਤੂ ਖਰਾਬ ਨ ਪੀ

○

੧੮੯. ਮੈਂ ਦਿਲ ਆਪਣਾ ਕਿਸ ਤਰ੍ਹਾਂ ਸ਼ਾਦ ਕਰਾਂ
ਮੈਂ ਵੀਰਾਨਾ ਘਰ ਕਿਵੇਂ ਆਬਾਦ ਕਰਾਂ
ਅੱਖਾਂ ਸਾਹਵੇਂ ਸਭ ਯਾਰ ਦੋਸਤ ਜਾ ਰਹੇ
ਕਿਨੂੰ ਰੋ ਲਵਾਂ ਤੇ ਕਿਨੂੰ ਯਾਦ ਕਰਾਂ

○



Sri Satguru Jagjit Singh Ji eLibrary NamdhariElibrary@gmail.com

੧੯੦. ਜ਼ਿੰਦਗੀ ਤੋਂ ਕਦੇ ਨਿਰਾਸ਼ ਨ ਹੋ
ਕਿਸੇ ਜਾਬਰ ਤੋਂ ਹਰਾਸ ਨ ਹੋ
ਤ੍ਰਿਸ਼ਨਾ ਦੀ ਅੱਗ ਤੋਂ ਬੱਚ ਕੇ ਰਹੋ "ਚੀਮਾਂ"
ਸੁੱਖ ਤਾ ਹੈ ਜੇ ਖਾਹਸ਼ਾਂ ਦਾ ਦਾਸ ਨਾ ਹੋ

○

੧੯੧. ਕੋਈ ਨੇਕ ਕਿਸੇ ਤੇ ਵਾਰ ਨਹੀਂ ਚਲਾਂਦੀ
ਕਿਸੇ ਉਤੇ ਜ਼ੁਲਮ ਉਹ ਕਦੀ ਨਹੀਂ ਢਾਂਹਦੀ
ਭਾਵੇਂ ਮਾਂ ਡੈਨ ਹੋਵੇ, ਸੁਣ ਲੈ "ਚੀਮਿਆ"
ਆਪਣੇ ਹੀ ਬਚਿਆਂ ਨੂੰ ਕਦੀ ਨਹੀਂ ਖਾਂਦੀ

○

੧੯੨. ਜ਼ਿੰਦਗੀ ਦੀ ਦੌੜ ਵਿਚ
ਹਰ ਇਕ ਨੱਸ ਰਿਹਾ ਏ
ਮਾਇਆ ਦੇ ਚੱਕਰ ਵਿਚ
ਹਰ ਇਕ ਹੀ ਫਸ ਰਿਹਾ ਏ
ਉਦੀ ਮੌਤ ਤੇ ਦੱਸ ਕੌਣ ਰੋਏ "ਚੀਮਿਆ"
ਜਿਦ੍ਹੀ ਕਿਸ਼ਤੀ ਡੁੱਬ ਰਹੀ
ਤੇ ਆਪ ਉਹ ਹੱਸ ਰਿਹਾ ਏ

○



Sri Satguru Jagjit Singh Ji eLibrary NamdhariElibrary@gmail.com

੧੯੩. ਕਿਸੇ ਦੇ ਨਫਸ ਦੀ ਬਲੀ
ਮਾਸੂਮ ਚੜ ਰਿਹਾ ਏ
ਸਿਰ ਤੁਹਮਤ ਕਿਸੇ ਹੋਰ ਦੇ ਸਿਰ
ਤੇ ਮੁੜ ਰਿਹਾ ਏ
ਦਰਦਾਂ ਭਰੀ ਚਿੱਠੀ ਲਿਖੀ ਸੀ ਮੈਂ "ਚੀਮਿਆ"
ਮੇਰੀ ਲਿਖਤ ਨਾਲ
ਕਾਗਜ਼ ਹੀ ਸੜ ਗਿਆ ਏ

○

੧੯੪. ਸੈਂ ਵੀ ਕੋਈ ਖੁਸ਼ ਨਹੀਂ ਵਫਾ ਕਰਕੇ
ਤੂੰ ਖੁਸ਼ ਹੈ ਮੈਨੂੰ ਤਬਾਹ ਕਰਕੇ
ਕੀ ਤੈਨੂੰ ਲੱਭਾ ਹੈ ਜ਼ਾਲਮ ਰਕੀਬਾ
ਕਿਨਾਰੇ ਤੋਂ ਕਿਸ਼ਤੀ ਵਿਦਾ ਕਰਕੇ

○

੧੯੫. ਵਾਅਦੇ ਦਾ ਕਾਗਜ ਤਾਂ ਖੁਦ ਜਲ ਗਿਆ ਏ
ਸੋਚਾਂ ਦਾ ਸਾਇਆ ਸਿਰੋਂ ਢੱਲ ਗਿਆ ਏ
ਮੇਰੇ ਸੁੱਤੇ-ਸੁੱਤੇ ਲਾਲੀ ਸੀ ਧੂੰਮ ਪਈ
"ਚੀਮੇ" ਨੂੰ ਛੱਡ ਕਾਰਵਾਂ ਚਲ ਗਿਆ ਏ

○



Sri Satguru Jagjit Singh Ji eLibrary NamdhariElibrary@gmail.com

੧੯੬. ਨਜ਼ਰ ਤੇਰੀ ਤ੍ਰਿਛੀ ਬੇਹਾਲ ਕਰ ਗਈ ਏ
ਤਿੱਖੀ ਛੁਰੀ ਨਾਲ ਹਲਾਲ ਕਰ ਗਈ ਏ
ਰਹਿਮਤ ਦੀ ਜਿਸ ਤੇ ਨਿਗਾਹ ਪੈ ਗਈ "ਚੀਮਾਂ"
ਉਹ ਬਦਬਖਤ ਨੂੰ ਮਾਲਾ, ਮਾਲ ਕਰ ਗਈ ਏ

○

੧੯੭. ਤੇਰੇ ਪਿਆਰ ਦਾ ਕੀ ਸਨਮਾਨ ਮਿਲਿਐ
ਦਾਜ ਵਿਚ ਮੌਤ ਦਾ ਸਮਾਨ ਮਿਲਿਐ
ਪੱਕੇ ਚੁਬਾਰੇ ਤੇ ਘਰ ਖੁਸ਼ ਗਏ ਨੇ "ਚੀਮਾ"
ਰਾਤਾਂ ਗੁਜ਼ਾਰਨ ਲਈ ਸ਼ਮਸਾਨ ਮਿਲਿਐ

○

੧੯੮. ਦਿਲ ਦੀ ਦਾਸਤਾਂ ਕਿਉਂ ਕਹਿਣ ਲੱਗਾ ਏਂ
ਜੁਦਾਈ ਦੇ ਦੁੱਖ ਨੂੰ ਕਿਉਂ ਸਹਿਣ ਲੱਗਾ ਏਂ
ਦਰਿਆ ਆਪਣੀ ਮੌਜ ਵਿਚ ਹੈ ਵਹਿ ਰਿਹਾ
ਡੂੰਘੇ ਵਹਿਣਾ ਵਿਚ ਕਿਉਂ ਵਹਿਣ ਲੱਗਾ ਏਂ

○

੧੯੯. ਜਾਣ ਬੁਝ ਕੇ ਜੋ ਵੀ ਬੰਦਾ ਪਾਪ ਕਰਦਾ ਏ
ਉਹ ਜੰਮਦੇ ਸਪੁਰਦ ਆਪਣਾ ਆਪ ਕਰਦਾ ਏ
ਕੁੱਤੇ ਦੀ ਜਦੋਂ ਮੌਤ ਆਉਂਦੀ ਏ "ਚੀਮਾ"
ਉਹ ਆ ਕੇ ਮਸੀਤ ਵਿਚ ਪਿਸ਼ਾਬ ਕਰਦਾ ਏ

○



Sri Satguru Jagjit Singh Ji eLibrary NamdhariElibrary@gmail.com

੨੦੦. ਕਿਸੇ ਦੇ ਪਰਨੇ ਕੋਈ ਮੂਰਖ ਹੀ ਰਹਿੰਦਾ ਏ
ਕਿਸੇ ਦੀ ਕਬਰ ਵਿਚ ਕੋਈ ਨਹੀਂ ਪੈਂਦਾ ਏ
ਜਦੋਂ ਮੌਤ ਗਿੱਦੜ ਦੀ ਆਉਂਦੀ ਏ "ਚੀਮਾਂ"
ਉਹ ਖੁਰਲੀ ਦੀ ਬੂਣੀ ਦੇ ਨਾਲ ਆ ਕੇ ਖਹਿੰਦਾ ਏ

○

੨੦੧. ਦੁੱਖ ਵਿਚ ਕੋਈ ਥੁੱਲਦਾ ਨਹੀਂ ਪਾਸਾ
ਕਿਸੇ ਦਾ ਕਿਸੇ ਨੂੰ, ਨਹੀਂ ਦਰਦ ਮਾਸਾ
ਆਪਣੇ ਹੀ ਪੈਰਾਂ ਤੇ ਖੜਾ ਹੋ "ਚੀਮਾਂ"
ਕੋਈ ਨਹੀਂ ਦੇਂਦਾ ਕਿਸੇ ਨੂੰ ਦਲਾਸਾ

○

੨੦੨. ਮੁਕੱਦਰ ਦਾ ਲਿਖਿਆ ਬਦਲ ਕੋਈ ਨਹੀਂ ਸਕਦਾ
ਤੂੰ ਐਵੇਂ ਹੀ ਰੋਨੈ ਤੇ ਰੋ ਤੇਰੀ ਮਰਜ਼ੀ
ਚੱਕੀ ਤੂੰ ਝੋਰੇ ਦੀ ਝੋ ਨ ਤੂੰ ਮੂਰਖ
ਜੇ ਐਵੇਂ ਤੂੰ ਝੋਨੈ ਤੇ ਝੋ ਤੇਰੀ ਮਰਜੀ
ਏਥੇ ਜੋ ਤੂੰ ਬੀਜੇ ਉਥੇ ਹੈ ਉਗਨਾ
ਜੇ ਕੁਝ ਤੂੰ ਬੋਨੈ ਏ ਬੋ ਤੇਰੀ ਮਰਜ਼ੀ
ਜੇ ਸਤਿਗੁਰ ਦੇ ਹੁੰਦੇ ਨਹੀਂ ਲਾਈਟ ਹੋਈ
ਹਨੇਰਾ ਹੀ ਢੋਣੈ ਤੇ ਢੋ ਤੇਰੀ ਮਰਜ਼ੀ

○



Sri Satguru Jagjit Singh Ji eLibrary NamdhariElibrary@gmail.com

੨੦੩. ਭੁੱਲ ਜਾ ਆਪਣਾ ਆਗਾਜ਼ ਤੇ ਅੰਜਾਮ ਦੇਖ
ਸੁਬਾਹ ਤੇ ਦੁਪਹਿਰ ਗੁਜ਼ਰ ਚੁੱਕੀ ਹੁਣ ਸ਼ਾਮ ਦੇਖ
ਤੇਰੇ ਹੁਸਨ ਦਾ ਸੂਰਜ, ਹੁਣ ਹੈ ਢੱਲ ਚੁੱਕਾ
ਹੁਣ ਤਾਂ ਬੁੜਾਪੇ ਦਾ ਵੀ ਤੂੰ ਅੰਜਾਮ ਦੇਖ

○

੨੦੪. ਚਮਨ ਚੋਂ ਫੁੱਲਾਂ ਨਾਲ ਝੋਲੀਆਂ ਭਰ ਲਓ
ਸਤਿਗੁਰ ਦੇ ਚਰਨਾਂ ਦੇ ਨਾਲ ਪਿਆਰ ਕਰ ਲਓ
ਝੂਠੇ ਵਣਜ ਦਾ ਕੋਈ ਫਾਇਦਾ ਨਹੀਂ "ਚੀਮਾਂ"
ਜੇ ਕਰਨੈਂ ਹੀ ਹੈ ਤਾਂ ਸੱਚਾ ਵਪਾਰ ਕਰ ਲਓ

○

੨੦੫. ਮਾਲਕ ਨੇ ਕੁਦਰਤ ਨੂੰ ਸੁੰਦਰ ਸਜਾਇਆ ਏ
ਹੁਸੀਨਾ ਨੂੰ ਹੱਥੀਂ ਆਪਣੀ ਫਬਾਇਆ ਏ
ਸਾਡੇ ਜਿਹੇ ਜਿੰਨੇ ਨੇ ਬਦ ਸ਼ਕਲ ਬੰਦੇ
ਠੇਕੇ ਤੇ ਇਨ੍ਹਾਂ ਨੂੰ ਹੱਬ ਨੇ ਬਣਵਾਇਆ ਏ

○

੨੦੬. ਕਰਕੇ ਵਾਅਦਾ ਸੁਹਣੇ, ਨਿਭਾਣਾਂ ਭੁੱਲ ਜਾਂਦੇ ਨੇ
ਲਾ ਕੇ ਅੱਗ ਸੀਨੇ 'ਚ ਬੁਝਾਣਾ ਭੁੱਲ ਜਾਂਦੇ ਨੇ
ਉਸ ਦੀ ਬੇਰੁਖੀ ਨੇ ਨਸ਼ਤਰ ਦਿਲ ਤੇ ਚੋਭ ਦਿਤੀ ਏ
ਕਰਕੇ ਜ਼ਖਮ ਮਲ੍ਹਮ ਲਾਣਾ ਭੁੱਲ ਜਾਂਦੇ ਨੇ

○



Sri Satguru Jagjit Singh Ji eLibrary NamdhariElibrary@gmail.com

੨੦੭. ਤੀਰ ਦਾ ਕਿਉਂ ਸਾਨੂੰ ਨਸਾਨਾ ਬਣਾ ਰਖਿਆ ਏ
ਜਿਉਂਦੇ ਜਾਗਦੇ ਨੂੰ ਮੁਰਦਾ ਬਣਾ ਰਖਿਆ ਏ
ਦਿਲ ਸੀ ਮੇਰਾ ਉਹ ਵੀ ਤਰਫ ਤੇਰੀ ਹੈ "ਚੀਮਾ"
ਤੇਰੇ ਕੋਲ ਦੋਸਤਾ ਮੈਂ ਕੀ ਛੁਪਾ ਰਖਿਆ ਏ ?

○

੨੦੮. ਜਿਰ ਕੌਮ ਨੂੰ ਦਿਤੇ ਹੁਣ ਲੋੜ ਨਹੀਂ ਰਸੀਦ ਦੀ
ਰੁਲਦੀ ਮੈਂ ਲਾਸ਼ ਵੇਖੀ ਗੀਦੀ ਬਦੀਦ ਦੀ
ਮਰ ਗਿਆਂ ਨੂੰ ਲੋਕ ਅੱਖਾਂ ਤੇ ਬਠਾਂਦੇ ਨੇ
ਫੁੱਲਾਂ ਨਾਲ ਤੁਲ ਦੀ ਏ ਮੱਯਤ ਸ਼ਹੀਦ ਦੀ

○

੨੦੯. ਜੋ ਹੋ ਗਿਆ ਗੁਮਰਾਹ ਉਹ ਸ਼ੈਤਾਨ ਬਣ ਗਿਆ ਏ
ਜਿਸ ਵਿਚ ਇਨਸਾਨੀਅਤ ਆ ਗਈ ਇਨਸਾਨ ਬਣ ਗਿਆ ਏ
ਦੂਈ ਦਵੈਸ਼ ਆਪਣੀ ਜਿਸ ਨੇ ਗਵਾ ਲਈ
ਉਹ ਸੱਚੀ ਮੁੱਚੀ ਆਦਮੀ ਭਗਵਾਨ ਬਣ ਗਿਆ ਏ

○

੨੧੦. ਕੀ ਭਰੋਸਾ ਹੈ, ਯਾਰੋ ਜ਼ਿੰਦਗੀ ਦਾ।
ਮਾਣ ਏਦਾ ਕੀ, ਏ ਤਰੰਗ ਪਾਣੀ ਦਾ।
ਚੋਲਾ ਪੁਰਾਣਾ ਹੋ ਗਿਆ ਕੁਝ ਹੋਸ਼ ਕਰ "ਚੀਮਾ"
ਫਖਰ ਕੀ ਤੂੰ ਕਰ ਰਿਹਾ ਏਂ ਜਿਸਮ ਫ਼ਾਨੀ ਦਾ।

○



Sri Satguru Jagjit Singh Ji eLibrary NamdhariElibrary@gmail.com

੨੧੧. ਮਾਰਦਾ ਤਲਵਾਰ ਨਾਲ ਆਦਮੀ ਨੂੰ ਆਦਮੀ ।
ਜਿੱਤਦਾ ਹੈ ਪਿਆਰ ਨਾਲ, ਆਦਮੀ ਨੂੰ ਆਦਮੀ ।
ਕਰ ਗਿਆ ਜੋ ਨੇਕ ਕਰਮ "ਚੀਮਿਆ" ਜਹਾਨ ਵਿੱਚ
ਵੇਖਦਾ ਸਤਿਕਾਰ ਨਾਲ ਆਦਮੀ ਨੂੰ ਆਦਮੀ ।

○

੨੧੨. ਆਸਮਾਨ ਤੇ ਪਹੁੰਚ ਕੇ ਹੈਵਾਨ ਦਾ ਹੈਵਾਨ ਰਿਹਾ ।
ਕਾਬੇ ਵਿੱਚ ਪਹੁੰਚ ਕੇ, ਸ਼ੈਤਾਨ ਦਾ ਸ਼ੈਤਾਨ ਰਿਹਾ ।
ਤੀਰਥਾਂ ਤੇ ਪਹੁੰਚ ਤੈਨੂੰ ਹੋਸ਼ ਆਈ ਨਹੀਂ "ਚੀਮਿਆ"
ਸਾਧੂ ਸੰਤ ਬਣ ਕੇ ਬੇਈਮਾਨ ਦਾ ਬੇਈਮਾਨ ਰਿਹਾ ।

○

੨੧੩. ਜੇ ਸਤਿਗੁਰ ਦੇ ਚਰਨੀ ਨਾ ਜਾ ਕੇ ਪਵਾਂਗੇ ।
ਸੁੱਖ ਸ਼ਾਂਤੀ ਹੋਰ ਕਿਥੋਂ ਜਾ ਕੇ ਲਵਾਂਗੇ ।
ਤੇਰੇ ਦਰ ਤੋਂ "ਚੀਮਾ" ਜੇ ਖਾਲੀ ਹੀ ਮੁੜਿਆ ।
ਇਹ ਸਿਰ ਕਿਸ ਦੇ ਦਰ ਉੱਤੇ ਜਾ ਕੇ ਧਰਾਂਗੇ ?

○

੨੧੪. ਜੇ ਸਭ ਕੁਝ ਹੀ ਹੁੰਦੇ ਸੁੱਖ ਨਾ ਲਵਾਂਗੇ ।
ਫਿਰ ਜੀਵਨ ਨੂੰ ਵੱਡੀ ਸਜ਼ਾ ਹੀ ਕਹਾਂਗੇ ।
ਜੇ ਮਾਇਆ ਦੇ ਹੁੰਦੇ ਸੁੱਖ ਕੋਈ ਨਹੀਂ ਮਿਲਦਾ ।
ਫਿਰ ਜੀਵਨ ਨੂੰ "ਚੀਮਾ" ਕਜ਼ਾ ਹੀ ਕਰਾਂਗੇ ।

○



Sri Satguru Jagjit Singh Ji eLibrary NamdhariElibrary@gmail.com

੨੧੫. ਮੈਂ ਹਰ ਥਾਂ ਤੋਂ ਜਲਵਾ ਨੁਮਾ ਢੂੰਡਦਾ ਹਾਂ।
ਮੈਂ ਕੁਦਰਤ 'ਚੋਂ ਤੇਰਾ ਪਤਾ ਢੂੰਡਦਾ ਹਾਂ।
ਬੰਦਿਆਂ ਦੇ ਦਿਲ ਵਿੱਚ ਹੈ ਉਸ ਦਾ ਟਿਕਾਣਾ।
ਮੈਂ ਹਰ ਬੰਦੇ ਵਿੱਚੋਂ ਖੁਦਾ ਢੂੰਡਦਾ ਹਾਂ।

○

੨੧੬. ਆਜਜ਼ ਕਿਸੇ ਨੂੰ ਸਤਾਓ ਕਦੀ ਨਾ।
ਬਦੀ ਕਰਕੇ ਨੇਕੀ ਗਵਾਓ ਕਦੀ ਨਾ।
ਕਿਸੇ ਦੀ ਮਦਦ ਕਰਕੇ ਭੁੱਲ ਜਾ ਤੂੰ "ਚੀਮਾ"
ਅਹਿਸਾਨ ਕਰਕੇ ਜਤਓ ਕਦੀ ਨਾ।

○

੨੧੭. ਮੇਰੀ ਆਹਾਂ ਦਾ ਤੂੰ ਅਸਰ ਵੇਖ ਲੈ।
ਉਹ ਪਹੁੰਚਣਗੇ ਫੜ ਕੇ ਜਿਗਰ ਵੇਖ ਲੈ।
ਮੇਰੇ ਪਿਆਰ ਵਿੱਚ ਤਾਂ ਕਸਰ ਕੋਈ ਨਹੀਂ "ਚੀਮਾ"
ਤੂੰ ਆਪੀ ਹੀ ਕੋਈ ਕਸਰ ਵੇਖ ਲੈ।

○

੨੧੮. ਦਿਲ ਦੀਆਂ ਗੱਲਾਂ, ਨਿਗਾਹ ਦੀਆਂ ਗੱਲਾਂ।
ਮੇਰੇ ਅਫਸਾਨੇ ਸਿਆਹ ਦੀਆਂ ਗੱਲਾਂ।
ਮੇਰੇ ਦੁੱਖੜੇ ਸੁਣ ਕੇ ਤੂੰ ਹੱਸੀਂ ਨਾ "ਚੀਮਾ"
ਰੋ ਸੁਣ ਰੋਣੇ, ਹਾਲੇ ਤਬਾਹ ਦੀਆਂ ਗੱਲਾਂ।

○



Sri Satguru Jagjit Singh Ji eLibrary NamdhariElibrary@gmail.com

२१੯. ਦਰਦੇ ਦਿਲ ਦੀ ਦਵਾਂ ਹੈ ਦਰਦੇ ਦਿਲ।
ਜੇ ਚਾਹੁਨੈ ਤੂੰ ਲੈ ਅਜ਼ਮਾ, ਦਰਦੇ ਦਿਲ।
ਇਸ ਦਰਦ ਨਾਲ ਸਾਰੇ ਜਿਉਂਦੇ ਨੇ "ਚੀਮਾ"
ਸੀਨੇ ਦੇ ਵਿੱਚ ਤੂੰ ਦਬਾ ਦਰਦੇ ਦਿਲ।

○

२२०. ਉਹ ਨਹੀਂ ਵੱਡਾ ਜੱਗ ਤੇ ਜੋ ਮਾਲਕ ਖਜ਼ਾਨੇ ਦਾ।
ਉਹ ਨਹੀਂ ਵੱਡਾ ਸੂਰਮਾ ਜੋ ਮਾਹਰ ਨਿਸ਼ਾਨੇ ਦਾ।
ਜੋ ਦਿਲਾਂ ਨੂੰ ਜਿੱਤ ਕੇ ਕੁਝ ਮਾਨ ਖੱਟਦਾ ਏ।
ਉਹੀ ਵੱਡਾ "ਚੀਮਿਆ" ਜੇਤੂ ਜ਼ਮਾਨੇ ਦਾ।

○

२२१. ਹੱਥ ਜੋੜ ਕੇ ਤੂੰ ਦਵਾ ਕਰ ਜਾਂ ਨਾ ਕਰ।
ਤੂੰ ਸਜਨਾਂ ਤੋਂ ਜ਼ਿੰਦਗੀ ਫਿਦਾ ਕਰ ਜਾਂ ਨਾ ਕਰ।
ਤੂੰ ਦੁੱਖੀਆਂ ਗਰੀਬਾਂ ਦਾ ਦਰਦ ਵੰਡ "ਚੀਮਾ"
ਤੇਰੀ ਮਰਜੀ ਸਜਦਾ ਅਦਾ ਕਰ ਜਾਂ ਨਾ ਕਰ।

○

२२२. ਕਾਨ ਕਿਸੇ ਦੀ ਨਹੀਂ ਭਰਨੀ ਜ਼ਰੂਰੀ।
ਅਣਖੀ ਦੀ ਹੁੰਦੀ ਏ, ਇਹੋ ਮਜਬੂਰੀ।
ਦੁੱਖਾਂ ਦੇ ਦਰਯਾ ਵਿੱਚ ਗੋਤੇ ਤਾਂ ਖਾ ਲਏ।
ਪਰ ਚੀਮੇ ਤੋਂ ਹੁੰਦੀ ਨਹੀਂ ਜੀ ਹਜ਼ੂਰੀ।

○



Sri Satguru Jagjit Singh Ji eLibrary NamdhariElibrary@gmail.com

੨੨੩. ਮਜਬੂਰ ਹੋ ਕੇ ਨੇ ਜੋ ਦਾਨ ਕਰਦੇ
ਉਹ ਅਸਲੀ ਸੁਖਾਵਤ ਸਖਾਵਤ ਨਹੀਂ ਹੈ ।
ਨਰਕਾਂ ਤੋਂ ਡਰ ਜੋ ਅਬਾਦਤ ਨੇ ਕਰਦੇ
ਉਹ ਵੀ ਅਬਾਦਤ ਅਬਾਦਤ ਨਹੀਂ ਹੈ ।
ਬਿਨਾਂ ਕਾਰਨੋਂ ਜੋ ਕਿਸੇ ਨੂੰ ਸਤਾਏ
ਉਹ ਵੀ ਅਦਾਵਤ ਅਦਾਵਤ ਨਹੀਂ ਹੈ ।
ਜਿਹੜਾ ਦੇਸ਼ ਖਾਤਰ ਸ਼ਹਾਦਤ ਨਹੀਂ ਦੇਂਦਾ ।
ਉਹ "ਚੀਮਾ" ਸ਼ਹਾਦਤ ਸ਼ਹਾਦਤ ਨਪੀਂ ਹੈ ।

○

੨੨੪. ਖੋਹ ਲਿਆ ਬੇਵਫ਼ਾ ਮੇਰੀ ਖੁਸ਼ੀਆਂ ਦਾ ਜਾਮ ।
ਜੀਣਾ ਮੇਰਾ ਹੋ ਗਿਆ ਹੈ ਹੁਣ ਦੋਸਤੋ ਹਰਾਮ ।
ਜੀਣੇ ਦੀ ਚਾਹ ਹੁਣ ਖਤਮ ਹੋ ਗਈ ਏ ।
ਮੌਤ ਦੀ ਨੀਂਦ ਸੌਂ ਕੇ ਹੁਣ ਕਰਨਾ ਅਰਾਮ ।

○

੨੨੫. ਸੁੱਕੇ ਫੁੱਲਾਂ ਦੇ ਗਲੋਂ ਹਾਰ ਲਾਹ ਦੇ ।
ਪਾਟੇ ਨੇ ਕੱਪੜੇ ਗਲੋਂ ਯਾਰ ਲਾਹ ਦੇ ।
ਤੂੰ ਸੋਚਾਂ ਤੇ ਫਿਕਰਾਂ ਦੀ ਪੰਡ ਚੁੱਕੀ ਫਿਰਨੈਂ
ਜੇ ਸੁੱਖ "ਚੀਮਾ" ਚਾਹੁਨੈਂ ਸਿਰੋਂ ਭਾਰ ਲਾਹ ਦੇ ।

○



Sri Satguru Jagjit Singh Ji eLibrary NamdhariElibrary@gmail.com

੨੨੬. ਖਾਨਾ ਬੇਦੋਸ਼ਾਂ ਦਾ ਘਰ ਘਟ ਕਿਹੜਾ।
ਅਸੀਂ ਨਾਮ ਰਸੀਏ ਏ ਮਸਤਾਂ ਦਾ ਡੇਰਾ।
ਨਾ ਕੁੱਲੀ ਨਾ ਗੁੱਲੀ ਦਾ ਮੁਹਤਾਜ "ਚੀਮਾ"
ਜਿਥੇ ਰਾਤ ਪੈ ਗਈ ਹੈ ਉਥੇ ਬਸੇਰਾ।

○

੨੨੭. ਮੈਂ ਫੁੱਲ ਹਾਂ ਤੁਫਾਨੋਂ, ਬਚਾ ਲੈ ਤੂੰ ਮੈਨੂੰ।
ਆਪਣੀ ਤੂੰ ਬੁਕਲੇ ਛੁਪਾ ਲੈ ਤੂੰ ਮੈਨੂੰ।
ਬਹੁਤੀ ਬੁਰੀ ਨਜ਼ਰ ਨਾਲ ਲੋਕੀਂ ਨੇ ਤੱਕਦੇ।
ਬੁਰੀ ਨਜ਼ਰ ਕੋਲੋਂ ਲੁਕਾ ਲੈ ਤੂੰ ਮੈਨੂੰ।

○

੨੨੮. ਹਰ ਇੱਕ ਤੂੰ ਆਪਣਾ ਨਾ ਦੁਸ਼ਮਣ ਬਣਾ।
ਮਿੱਤਰਾਂ ਨੂੰ ਦੇਵੋ ਕਦੀ ਨਾ ਦਗ਼ਾ।
ਰੋਨਾਂ ਮੈਂ ਉਹਨਾਂ ਗਵਾਰਾਂ ਨੂੰ "ਚੀਮਾ"
ਸਮੇਂ ਨੂੰ ਜੋ ਰਹੇ ਨੇ ਅੰਜਾਂਈ ਗਵਾ।

○

੨੨੯. ਕੌਣ ਕਿਸੇ ਦੇ ਕਰੀਬ ਹੁੰਦਾ ਏ।
ਆਪਣਾ-ਆਪਣਾ ਨਸੀਬ ਹੁੰਦਾ ਏ।
ਮਰੀਜ਼ਾਂ ਨੂੰ ਮਿਲਦੀ ਸਫਾ ਖੁਦ ਬਖੁਦ ਹੀ।
ਸਾਹਮਣੇ ਜਦ "ਚੀਮਿਆ" ਹਬੀਬ ਹੁੰਦਾ ਏ।

○



Sri Satguru Jagjit Singh Ji eLibrary NamdhariElibrary@gmail.com

੨੩੦. ਤੇਰੇ ਬਿਨਾਂ ਸੱਜਨਾ ਜੋ ਸ਼ਾਮ ਗੁਜ਼ਰੀ ਏ ।
ਰੱਬ ਦੀ ਸੌਂ ਸਾਰੀ ਬੇਅਰਾਮ ਗੁਜ਼ਰੀ ਏ ।
ਤੇਰੇ ਬਿਨਾਂ ਮਹਿਫਲ ਤਾਂ ਸਾਰੀ ਬੇਸੁਆਦੀ ਸੀ ।
ਰਾਤ ਸਾਰੀ "ਚੀਮਿਆ" ਹਰਾਮ ਗੁਜਰੀ ਏ ।

○

੨੩੧. ਦੁਨੀਆ ਹੈ ਇੱਕ ਸਰਾਂ
ਏਥੇ ਰਾਤ ਦਾ ਕਿਆਮ ਹੁੰਦਾ ਏ ।
ਗੱਡੀ ਕਿਸੇ ਦੀ ਚਲ ਪਈ
ਪਹੀਆ ਕਿਸੇ ਦਾ ਜਾਮ ਹੁੰਦਾ ਏ ।
ਖਾਮੋਸ਼ ਹੋ ਕੇ ਸਮੇਂ ਨੂੰ ਗੁਜਾਰ ਲੈ "ਚੀਮਾ"
ਏਥੋਂ ਕਿਸੇ ਦਾ ਕੂਚ ਜਾਂ ਮੁਕਾਮ ਹੁੰਦਾ ਏ ।

○

੨੩੨. ਚੁਗਲਖੋਰੇ ਕਰਕੇ ਗੱਲਾਂ ਕਦੋਂ ਥੱਕੋਗੇ ?
ਲੋਕਾਂ ਤੇ ਚਿੱਕੜ ਸੁੱਟਕੇ ਕਦੋਂ ਕੁ ਰੱਜੋਗੇ ?
ਆਜ਼ਾਦ ਪੰਛੀ ਦੀ ਉਡਾਨ ਰੁਕ ਨਹੀਂ ਸਕਦੀ ।
ਪਿੰਜਰਿਆਂ ਵਿੱਚ ਕਦੋਂ ਤੱਕ ਬੇਦੋਸ਼ ਡੱਕੋਗੇ ।

○



Sri Satguru Jagjit Singh Ji eLibrary NamdhariElibrary@gmail.com

੨੩੩. ਕਿਸੇ ਦੇ ਔਗੁਣ ਕਢਣੇ ਹੈਨ ਬਹੁਤ ਸਹਿਲ ।
ਨੇਕੀ ਲਈ ਕਰਦਾ ਹੈ ਕੋਈ ਕੋਈ ਪਹਿਲ ।
ਮੂਰਖ ਨੂੰ ਆਗੂ ਵੇਖ "ਚੀਮਾ" ਆਖੇ ।
ਉਜੜੇ ਹੋਏ ਪਿੰਡ ਦਾ ਭੜੋਲਾ ਹੈ ਮਹਿਲ ।

○

੨੩੪. ਕਿਸਮਤ ਦੀ ਪੱਟੀ ਵੇਖੋ ਕਿੰਨੀ ਸੌੜੀ
ਰੱਬ ਨੇ ਰਲਾਈ ਕੈਸੀ ਖੂਬ ਜੋੜੀ
ਵਾਹ ਵਾਹ ਤੂੰ ਵਿਦ ਮਾਤਾ ਕੈਸੇ ਲੇਖ ਲਿਖਦੀ
ਇਕ "ਚੀਮਾ" ਅੰਨ੍ਹਾ ਤੇ ਦੂਜਾ ਹੈ ਕੋੜ੍ਹੀ

○

੨੩੫. ਮੁਹੱਬਤ ਦਾ ਜ਼ਮਾਨੇ 'ਚ
ਅਜਬ ਦਸਤੂਰ ਡਿੱਠਾ ਏ
ਕੋਈ ਮਜਬੂਰ ਕਰਦਾ
ਕੋਈ ਮਜਬੂਰ ਡਿੱਠਾ ਏ
ਕਿਸੇ ਦਾ ਦਿਲ ਹੈ ਪੱਥਰ
ਕਿਸੇ ਦਾ ਮੋਮ ਵਰਗਾ ਏ
ਮੁਹੱਬਤ ਤੋਂ "ਚੀਮਾ" ਖਾਲੀ
ਕੋਈ ਭਰਭੂਰ ਡਿੱਠਾ ਏ

○



Sri Satguru Jagjit Singh Ji eLibrary NamdhariElibrary@gmail.com

੨੩੬. ਦਿਲ ਵਿਚ ਹੈ ਨਫ਼ਰਤ ਤੇ ਹੱਥ ਵਿਚ ਹੈ ਮਾਲਾ
ਉਤੋਂ ਪੋਚਾ ਪੋਚੀ ਤੇ ਦਿਲ ਸ਼ਾਹ ਹੈ ਕਾਲਾ
ਜੇ ਤੀਰਥ ਤੇ ਜਾ ਕੇ ਹਨੇਰਾ ਹੀ ਢੋਣਾ
ਕਿਥੋਂ ਮਿਲੇਗਾ ਫਿਰ ਤੈਨੂੰ ਉਜਾਲਾ

○

੨੩੭. ਮੁਹੱਬਤ ਦੀ ਰਾਹ ਵਿਚ ਨੇ ਦੁੱਖੜੇ ਹਜ਼ਾਰਾਂ
ਜੇ ਫੁੱਲਾਂ ਨੂੰ ਚੁਮਣੈ ਤਾਂ ਚੁਭਣੈ ਹੈ ਖਾਰਾਂ
ਪੱਤਝੜ ਨੂੰ ਤੱਕ ਕੇ ਤੂੰ ਕਿਉਂ ਦੁੱਖ ਮਨਾਨੈ
ਬਹੁਤ ਛੇਤੀ ਆ ਰਹੀਆਂ "ਚੀਮਾ" ਬਹਾਰਾਂ

○

੨੩੮. ਮੁਹੱਬਤ ਨੂੰ ਖ਼ੁਦ, ਅਪਨਾਇਆ ਖ਼ੁਦਾ ਹੈ
ਖ਼ੁਦਾ ਹੈ ਮੁਹੱਬਤ, ਮੁਹੱਬਤ ਖ਼ੁਦਾ ਹੈ
ਪੀਆਂਗਾ ਇਸ ਨੂੰ ਪਾਕ ਸਮਝ "ਚੀਮਾ"
ਸਾਗਰ ਨੂੰ ਲੈ ਕੇ ਖੜ੍ਹਾ ਰਹਿਨੁਮਾ ਹੈ

○

੨੩੯. ਮੈਨੂੰ ਉਹ ਹੈ ਟਾਲੇ ਬਣਾ ਕੇ ਬਹਾਨੇ
ਕਦੀ ਇਹ ਬਹਾਨੇ ਕਦੀ ਉਹ ਬਹਾਨੇ
ਨ ਨੇੜੇ ਰਹਿੰਦੇ, ਤੇ ਨ ਦੂਰ ਜਾਂਦੇ
ਉਹ ਘੜਦਾ ਏ "ਚੀਮਾ" ਨਵੇਂ ਨਿੱਤ ਬਹਾਨੇ

○



Sri Satguru Jagjit Singh Ji eLibrary NamdhariElibrary@gmail.com

੨੪੦. ਕਿਸੇ ਨੂੰ ਵਢਾ ਪਸੰਦ ਏ
ਕਿਸੇ ਨੂੰ ਜਫਾ ਪਸੰਦ ਏ
ਸਾਕੀ ਦੇ ਬੋਤਲ ਪਸੰਦ ਏ
"ਚੀਮੇ" ਨੂੰ ਦਿਲ ਰੁਬਾ ਪਸੰਦ ਏ

○

੨੪੧. ਪੜ੍ਹ-ਪੜ੍ਹ ਕੇ ਬਣਿਆ ਤੂੰ ਕੀੜਾ ਕਿਤਾਬੀ
ਦੂਰ ਨ ਹੋਈ ਤੇਰੀ ਬੇਤਾਬੀ
ਤੂੰ ਮੁਰਸ਼ਦ ਨੂੰ ਮਿਲ ਕੇ ਰੱਬ ਨੂੰ ਮਨਾ ਲੈ
ਉਮਰ ਤੇਰੀ ਲੰਘਦੀ ਜਾਂਦੀ ਸ਼ਤਾਬੀ

○

੨੪੨. ਦਿਨ ਰਾਤ ਬੰਦੇ ਤੂੰ ਰਹਿਨੈ ਸ਼ਰਾਬੀ
ਲੋਕਾਂ ਤੇ ਕਰਨੈ ਤੂੰ ਹੱਲੇ ਜਵਾਬੀ
ਹੋਸ਼ ਕਰਕੇ ਆ ਜਾ ਰਾਹੇ ਰਾਸਤੀ ਤੇ
ਮਹਿੰਗੀ ਪਵੇਗੀ ਜੋ ਕਰਨੈ ਖਰਾਬੀ

○

੨੪੩. ਸੰਤਾਂ ਨੂੰ ਮਿਲ ਪਓ ਤੂੰ ਛੇਤੀ ਪਿਆਰੇ
ਭਵਜਲ ਚੋਂ ਕਿਸ਼ਤੀ ਲਵਾ ਲੈ ਕਿਨਾਰੇ
ਜੇ ਕਰ ਨ ਮਿਲਿਆ ਮਲਾਹ ਤੈਨੂੰ "ਚੀਮਾ"
ਡੁੱਬੇਂਗਾ ਡੂੰਗੇ ਤੂੰ ਸਾਗਰ 'ਚ ਖਾਰੇ

○



Sri Satguru Jagjit Singh Ji eLibrary NamdhariElibrary@gmail.com

੨੪੪. ਜ਼ਿੰਦਗੀ ਦੀ ਯਾਰੋ ਅਜਬ ਹੈ ਕਹਾਣੀ
ਕਿਸੇ ਦੀ ਪ੍ਰਭਤਾ ਕਿਸੇ ਦੀ ਹੈ ਹਾਨੀ
ਜੀਵਨ ਵੀ "ਚੀਮਾ" ਕਈ ਰੰਗ ਬਦਲੇ
ਕਦੀ ਹੈ ਬੁੜਾਪਾ ਕਦੀ ਹੈ ਜਵਾਨੀ

○

੨੪੫. ਕੱਲ ਮੇਰੇ ਸਬਰ ਦਾ ਇਮਤਹਾਂ ਹੋਵੇਗਾ
ਜਦੋਂ ਸੜ ਕੇ ਸੁਆਹ ਮੇਰਾ ਆਸ਼ੀਆਂ ਹੋਵੇਗਾ
ਸਾਜ਼ੋ ਸਮਾਂ ਦੌਲਤ ਕਿਸੇ ਕੰਮ ਨਹੀਂ ਆਉਣੀ
ਸਿਵਿਆਂ 'ਚ ਤੇਰਾ ਮਕਾਂ ਹੋਵੇਗਾ

○

੨੪੬. ਜੋ ਲਜ਼ਤ ਅਨੰਦ ਹੈ ਸਬਰ ਵਿਚ
ਉਹ ਨ ਹੈ ਬਾਹਰ ਤੇ, ਨ ਕਬਰ ਵਿਚ
ਜੋ ਕਿਸੇ ਨੂੰ ਮਾਫ ਕਰ ਕੇ ਸ਼ਾਂਤੀ ਹੈ "ਚੀਮਾ"
ਉਹ ਨ ਹੈ ਜੁਲਮ ਵਿਚ ਤੇ ਨ ਹੀ ਜਬਰ ਵਿਚ

○

੨੪੭. ਜੋ ਆਦਮੀ ਕਿਸੇ ਦੇ ਗਮ ਵਿਚ ਹੁੰਦਾ ਸ਼ਰੀਕ ਨਹੀਂ
ਉਹ ਹੈ ਮੂਰਖ ਓਹਦੀ ਬੁੱਧੀ ਬਰੀਕ ਨਹੀਂ
ਦਰਦ ਵੰਡਣਾ ਜੱਗ ਵਿਚ ਹੀ ਅਸਲ ਜੀਵਨ ਹੈ
ਦਰਦਮੰਦ ਜਿਹਾ "ਚੀਮਾ" ਰਫੀਕ ਨਹੀਂ

○



Sri Satguru Jagjit Singh Ji eLibrary NamdhariElibrary@gmail.com

੨੪੮. ਮੁਸਲਮਾਨਾਂ ਲਈ ਮੁਬਾਰਕ ਈਦ ਦਾ ਦਿਨ ਏ
ਚੌਧਵੀਂ ਦੇ ਚੰਨ ਦੀ ਅੱਜ ਦੀਦ ਦਾ ਦਿਨ ਏ
ਹੱਸ ਹੱਸ ਕੇ "ਚੀਮਾ" ਕਿਸੇ ਨੇ ਦਾਰ ਚੁੰਮੇ
ਅੱਜ ਸਿਰ ਲੱਥੇ ਉਸ ਸ਼ਹੀਦ ਦਾ ਦਿਨ ਏ

○

੨੪੯. ਮੁਹੱਬਤ ਦੇ ਤਿੱਖੇ ਬੜੇ ਨੇ ਨਿਸ਼ਾਨੇ
ਲੱਖਾਂ ਉਜਾੜੇ ਨੇ ਇਸ ਨੇ ਘਰਾਨੇ
ਮੁਹੱਬਤ 'ਚੋਂ ਹਰਗਿਜ਼ ਨਫ਼ਾ ਕੋਈ ਨਹੀਂ ਖੱਟਦਾ
ਸਾੜੇ ਨੇ "ਚੀਮਾ" ਇਸ ਕਈ ਆਸ਼ੀਆਨੇ

○

੨੫੦. ਬੇਸ਼ੱਕ ਨਵੇਂ ਹਥਿਆਰ ਕਿੰਨੇ ਹੀ ਮਾਰੂ ਨੇ
ਟਿਕ ਸਕੇ ਨ ਮੌਤ ਅਗੇ ਜੋ ਜੁਝਾਰੂ ਨੇ
ਇਕ ਬੇਸਹਾਰਾ ਵਿਧਵਾ ਦੇ ਹੰਝੂ "ਚੀਮਿਆਂ"
ਲੱਖਾਂ ਹੀ ਦੁਸ਼ਟਾਂ ਤੇ ਬਹੁਤ ਭਾਰੂ ਨੇ

○

੨੫੧. ਦੁੱਖਾਂ ਦੀਆਂ ਕਿਰਨਾਂ ਨਾਲ ਸੜ ਗਿਆ ਸੂਰਜ
ਗਰੀਬਾਂ ਦੀ ਆਹਾਂ ਨਾਲ ਠਰ ਗਿਆ ਸੂਰਜ
ਕਿਸੇ ਮਾਸੂਮ ਦੀ ਇੱਜ਼ਤ ਜਦੋਂ ਲੁੱਟ ਲਈ ਗੁੰਡਿਆਂ
ਸ਼ਰਮ ਨਾਲ ਸੀ ਬੱਦਲਾਂ ਵਿਚ ਵੜ ਗਿਆ ਸੂਰਜ

○



Sri Satguru Jagjit Singh Ji eLibrary NamdhariElibrary@gmail.com

੨੫੨. ਐ ਨਾ ਖੁਦਾ, ਕੰਢੇ ਤੋਂ ਤੋਂ ਕਿਸ਼ਤੀ ਠੇਲ ਦੇ ਛੇਤੀ
ਡੂੰਘਿਆਂ ਭਵਰਾਂ 'ਚ ਏ ਧਕੇਲ ਦੇ ਛੇਤੀ
ਔਹ ਵੇਖ ਕਿਵੇਂ ਮੌਤ ਹੈ ਉਡੀਕਦੀ "ਚੀਮਾ"
ਦੇਰ ਨ ਕਰ ਮੌਤ ਨਾਲ ਮੇਲਦੇ ਛੇਤੀ

○

੨੫੩. ਰਹੀ ਪੁੱਤ ਤੋਂ ਬਿਨਾਂ, ਨ ਉਹਦੀ ਜੱਗ ਵਿਹ ਸਾਖ ਵੀ
ਜਲ ਗਿਆ ਸੀ ਆਲ੍ਹਣਾ ਤੇ ਜਲ ਗਈ ਸ਼ਾਖ ਵੀ
ਬਦਨਸੀਬੀ ਆਣ ਕੇ ਇਉਂ ਘੇਰਿਆ "ਚੀਮਾ"
ਉਡ ਗਈ ਉਸ ਦੇ ਸਿਵੇ ਵਿਚੋਂ ਖਾਕ ਵੀ

○

੨੫੪. ਖਿਜਾਂ ਲੰਘ ਗਈ ਚਮਨ ਨ ਫੇਰ ਵੀ ਵੱਸਿਆ
ਬਹਾਰ ਆ ਗਈ ਪਰ ਫੁੱਲ ਨ ਫੇਰ ਵੀ ਹੱਸਿਆ
ਬੜੇ ਦੁਸ਼ਮਣ ਪੁਰਾਣੇ ਚੜ੍ਹ ਕੇ ਆ ਪਏ "ਚੀਮਾ"
ਰਿਹਾ ਸਾਬਤ ਕਦਮ ਪਰ ਅੱਗੇ ਚੜ੍ਹ ਨ ਨੱਸਿਆ

○

੨੫੫. ਸ਼ਹੀਦਾਂ ਦਾ ਅਸੀਂ ਬੜਾ ਅਹਿਤਰਾਮ ਕਰਦੇ ਹਾਂ
ਉਨ੍ਹਾਂ ਨੂੰ ਯਾਦ ਅਸੀਂ ਸਾਰੇ ਸੁਬਾਹ ਸ਼ਾਮ ਕਰਦੇ ਹਾਂ
ਵਰਾਸਤ ਕੌਮ ਦੀ "ਚੀਮਾ" ਸਦਾ ਏ ਅਮਰ ਰਹਿਣੇ ਨੇ
ਸਿਰ ਝੁਕਾ ਕੇ ਸ਼ਹੀਦਾਂ ਨੂੰ ਅਸੀਂ ਪ੍ਰਨਾਮ ਕਰਦੇ ਹਾਂ

○



Sri Satguru Jagjit Singh Ji eLibrary NamdhariElibrary@gmail.com

੨੫੬. ਵਤਨ ਦੇ ਆਸ਼ਕਾਂ ਨੂੰ ਅੱਗ ਵੀ ਜਲਾ ਨਹੀਂ ਸਕਦੀ
ਹਵਾ ਦੇ ਤੇਜ਼ ਬੁੱਲੇ ਵੀ ਏ ਉਡਾ ਨਹੀਂ ਸਕਦੀ
ਸਦਾ ਇਤਿਹਾਸ ਵਿਚ ਰੋਸ਼ਨ ਇਨ੍ਹਾਂ ਦਾ ਨਾਮ ਰਹਿੰਦਾ ਏ
ਸ਼ਹਾਦਤ ਦੀ ਹਕੀਕਤ ਕੋਈ ਵੀ ਦਬਾ ਨਹੀਂ ਸਕਦੀ

○

੨੫੭. ਮਰਦ ਦੀ ਸੇਵਾ ਕਰਨੀ
ਲਿਖਿਆ ਹੈ ਔਰਤ ਦੇ ਸੁਭਾ ਵਿਚ
ਮਰਦ ਲਈ ਰੌਸ਼ਨੀ ਰੱਖੀ ਸੰਭਾਲ
ਇਸ ਆਪਣੀ ਸ਼ੁਆ ਵਿਚ
ਔਰਤ ਨੇ ਇੱਜ਼ਤ ਆਪਣੀ
ਮਰਦ ਤੋਂ ਕੁਰਬਾਨ ਕੀਤੀ ਏ
ਫਿਰ ਵੀ ਪੈਰ ਦੀ ਜੁੱਤੀ ਹੈ
ਚੀਮਾਂ ਮਰਦ ਦੀ ਨਿਗਾਹ ਵਿਚ ।

○

੨੫੮. ਸਦੀਆਂ ਤੋਂ ਰਹੀ ਔਰਤ ਪਿਆਰ ਦੀ ਭੁਖੀ
ਰੂਹ ਏਦ੍ਹੀ ਰਹੀ ਏ ਸਤਿਕਾਰ ਦੀ ਭੁਖੀ
ਮਰਦ ਦੀ ਏ ਹੱਵਸ ਦੀ ਸ਼ਿਕਾਰ ਰਹੀ ਚੀਮਾਂ
ਇਹ ਵਿਚਾਰੀ ਰਹੀ ਏ ਆਚਾਰ ਦੀ ਭੁੱਖੀ

○



Sri Satguru Jagjit Singh Ji eLibrary NamdhariElibrary@gmail.com

੨੫੯. ਸਤਿਗੁਰ ਮੇਰੇ ਦੀ ਨਿਗਾਹ ਹੈ ਨਿਆਰੀ
ਇਕ ਵਾਰ ਤੱਕਿਆ ਤਾਂ ਚੜ੍ਹ ਗਈ ਖੁਮਾਰੀ
ਚਿਰਾਂ ਤੋਂ ਤ੍ਰਿਸ਼ਨਾ ਦੀ ਅੱਗ ਵਿਚ ਸਾਂ ਮੈਂ ਮੜਦਾ
ਹੋਈ ਦੂਰ ਪਲ ਵਿਚ ਸੀ "ਚੀਮਾਂ" ਲਾਚਾਰੀ

○

੨੬੦. ਦਰਦਮਦ ਜੋ ਦਰਦ ਵਿਚ ਸ਼ਰੀਕ ਨਹੀਂ ਹੁੰਦਾ
ਉਹ ਬੰਦਾ ਕਦੀ ਕਾਬਲੇ ਤਾਰੀਫ਼ ਨਹੀਂ ਹੁੰਦਾ
ਪੱਥਰ ਦਿਲ ਜੋ ਕਿਸੇ ਤੇ ਤਰਸ ਨਹੀਂ ਖਾਂਦਾ
ਉਹ ਬਸ਼ਰ ਕਦੀ "ਚੀਮਿਆਂ" ਸ਼ਰੀਫ ਨਹੀਂ ਹੁੰਦਾ

○

੨੬੧. ਦਿਲ ਦਾ ਬੁਰਜ ਢਹਿ ਗਿਆ
ਬਾਕੀ ਵੀਰਾਨੀ ਰਹਿ ਗਈ

ਅਸਲੀਅਤ ਹੱਥੋਂ ਨਿਕਲ ਗਈ
ਝੂਠੀ ਕਹਾਣੀ ਰਹਿ ਗਈ

ਕਿਸ ਨੂੰ ਸੁਨਾਵਾਂ ਦਾਸਤਾਂ
ਚੀਮਾਂ ਕੋਈ ਗਮਖਾਰ ਨਹੀਂ

ਉੱਜੜੇ ਹੋਚੇ ਮਕਾਨ ਦੀ ਖੰਡਰ
ਨਿਸ਼ਾਨੀ ਰਹਿ ਗਈ

○



Sri Satguru Jagjit Singh Ji eLibrary NamdhariElibrary@gmail.com

੨੬੨. ਤੇਰੀ ਯਾਦ ਸੱਜਣਾ ਆਉਂਦੀ ਏ ਘੜੀ-ਘੜੀ
ਸੁਤਿਆਂ ਨੂੰ ਸਤਾਉਂਦੀ ਏ ਘੜੀ-ਘੜੀ
ਬਹੁਤ ਮਨ ਨੂੰ ਰੋਕਨ ਦਾ ਮੈਂ "ਚੀਮਿਆਂ"
ਫਿਰ ਵੀ ਯਾਦ ਆ ਸਤਾਉਂਦੀ ਏ ਘੜੀ-ਘੜੀ

੨੬੩. ਬੜਾ ਮਗਰੂਰ ਹੁੰਦਾ ਜਾ ਰਿਹੈ
ਬੰਦਿਆਂ ਤੋਂ ਦੂਰ ਹੁੰਦਾ ਜਾ ਰਿਹੈ
ਕਿਸੇ ਗਰੀਬ ਮਿਤ੍ਰ ਨੂੰ ਮਿਤ੍ਰ ਨ ਸਮਝੇ
ਕਿਉਂਕਿ ਉਹ ਮਸ਼ਹੂਰ ਹੁੰਦਾ ਜਾ ਰਿਹੈ

○

੨੬੪. ਖੁਦਗਰਜ਼ ਪਾਬੰਦ ਨਹੀਂ ਕਿਸੇ ਫਰਮਾਨ ਦਾ
ਮਤਲਬ ਤੋਂ ਬਿਨਾ ਉਹ ਨਹੀਂ ਪਹਿਚਾਨਦਾ
ਜਦੋਂ ਮਤਲਬ ਸੀ ਤਾਂ ਪੈਰਾਂ 'ਚ ਲਿਟਦਾ ਸੀ
ਮਤਲਬ ਕੱਢ ਕੇ ਆਖੇ, "ਚੀਮੇ" ਨੂੰ ਨਹੀਂ ਜਾਣਦਾ

○

੨੬੫. ਜੇ ਦਿਲੋਂ ਹੀ ਨਫਰਤ ਏ ਤਾਂ ਬੁਲਾਣ ਦਾ ਕੀ ਫਾਇਦਾ
ਮਸਲਾ ਉਲਝਿਆ ਬਹੁਤਾ ਹੁਣ ਸੁਲਝਾਣ ਦਾ ਕੀ ਫਾਇਦਾ ?
ਮਤਲਬ ਲਈ ਬੁਲਾਣਾ ਤਾਂ ਇਕ ਜਗ ਵਿਖਾਵਾ ਏ
ਜੇ ਅੰਦਰੋਂ ਪਿਆਰ ਨਹੀਂ "ਚੀਮਾਂ" ਤਾਂ ਮਨਾਣ ਦਾ ਕੀ ਫਾਇਦਾ ?

○



Sri Satguru Jagjit Singh Ji eLibrary NamdhariElibrary@gmail.com

੨੬੬. ਮੈਂ ਭੋਲੀ ਵੇਖ ਕੇ ਸੂਰਤ ਸਮਝ ਬੇਦਾਗ ਬੈਠਾ ਸੀ
ਵਿਚ ਭੁਲੇਖੇ ਦੇ ਮੈਂ ਕਰ ਵੈਰਾਗ ਬੈਠਾ ਸੀ
ਪਟਾਰੀ ਵੇਖ ਕੇ ਸੁੰਦਰ ਜਦੋਂ ਢੱਕਣ ਉਠਾਇਆ ਸੀ
"ਚੀਮਾਂ" ਵੇਖ ਕੇ ਰੋਇਆ ਵਿਚ ਤਾਂ ਨਾਗ ਬੈਠਾ ਸੀ

○

੨੬੭. ਤੰਦਰੁਸਤੀ ਵੀ ਇਕ ਨਾਯਾਬ ਵਸਤੂ ਏ
ਫੁਲਾਂ 'ਚੋਂ ਗੁਲਾਬ ਲਾ ਜਵਾਬ ਵਸਤੂ ਏ
ਚੁਰਾਸੀ ਲੱਖ ਜੂਨ ਚੋਂ ਬੰਦੇ ਦੀ ਉਤਮ ਜਾਤ ਹੈ
ਏਦੇ ਵਿਚੋਂ ਜਵਾਨੀ ਵੀ ਇਕ ਸ਼ਬਾਬ ਵਸਤੂ ਏ

○

੨੬੮. ਕਦੀ ਨਾਂ ਕਰੋ ਮੇਰੇ ਯਾਰੋ ਤਕੱਬਰ
ਖੁਦੀ ਕਰਕੇ ਗੁਣ ਜਾਂਦੇ ਨੇ ਸਭ ਅੱਬਰ
ਜਾਹਿਲ ਨੇ "ਚੀਮਾਂ" ਜੇੜ੍ਹੇ ਮਾਨ ਕਰਦੇ
ਨੀਵੇਂ ਹੋ ਕੇ ਰਹਿੰਦੇ, ਸਦਾ ਨੇ ਮੁਦੱਬਰ

○

੨੬੯. ਭੁੱਲ ਕੇ ਵੀ ਬੰਦੇ ਕਰ ਨ ਗੁਮਾਂ
ਕੌੜਾ ਨਾ ਬੋਲਣ ਮੁਦੱਬਰ ਇਨਸਾਂ
ਫਿਕਿਆਂ ਨੂੰ "ਚੀਮਾਂ" ਮੂੰਹ ਕੋਈ ਨਹੀਂ ਲਾਂਦਾ
ਲੈਂਦੇ ਨੇ ਸਤਿਕਾਰ ਸ਼ੀਰੀਂ ਜੁਬਾਂ

○



Sri Satguru Jagjit Singh Ji eLibrary NamdhariElibrary@gmail.com

੨੭੦. ਸਦੀਆਂ ਤੋਂ ਔਰਤ ਦੀ ਗਈ ਨ ਉਦਾਸੀ
ਮਰਦਾਂ ਬਣਾਇਆ ਸੀ ਆਪਣੀ ਹੀ ਦਾਸੀ
ਔਰਤ ਬਿਨਾਂ ਜਿੰਦਗੀ ਕੁਝ ਨਹੀਂ ਹੈ
"ਚੀਮਾਂ" ਗੁਜ਼ਰਦੀ ਫਿੱਕੀ ਨਿਰਾਸੀ

○

੨੭੧. ਔਰਤ ਵੀ ਘਰ ਦੀ ਓਨੀ ਹੱਕਦਾਰ ਏ
ਬੰਦੇ ਨੂੰ ਬਦੀਓ ਕਰੇ ਖਬਰਦਾਰ ਏ
ਔਰਤ ਨੂੰ ਭੈੜੀ ਕਿਉਂ ਕਹਿਨਾ "ਚੀਮਾਂ"
ਬੰਦੇ ਦੀ ਬੜੀ ਸੱਚੀ ਪਹਿਰੇਦਾਰ ਏ

○

੨੭੨. ਬੁਰੇ ਕਰ ਰਹੇ ਨੇ ਬਦੀ ਸੀਨਾ ਜੋਰੀ
ਕਈਆਂ ਦਾ ਧੰਦਾ ਏ ਰਿਸ਼ਵਤ ਤੇ ਚੋਰੀ
ਕੰਮ ਕਰ "ਚੀਮਾਂ" ਕੋਈ ਵਿਹਲੜ ਨਹੀਂ ਰਾਜ਼ੀ
ਇਹ ਭਰਦੇ ਨੇ ਢਿੱਡ, ਕਰਕੇ ਹਰਾਮਖੋਰੀ

○

੨੭੩. ਮੇਰਾ ਤੇਰੇ ਨਾਲ ਕੋਈ ਸਰੋਕਾਰ ਨਹੀਂ
ਮੇਰੀਆਂ ਨਜ਼ਰਾਂ 'ਚ ਚੰਗਾ ਕਰਦਾਰ ਨਹੀਂ
ਤੂੰ ਪੈਸੇ ਦਾ ਭੁੱਖਾ ਹੈ ਖ਼ੁਦਗਰਜ "ਚੀਮਾਂ"
ਧੇਲੇ ਜਿੰਨ੍ਹਾਂ ਵੀ ਤੇਰਾ ਕੋਈ ਇਤਬਾਰ ਨਹੀਂ

○



Sri Satguru Jagjit Singh Ji eLibrary NamdhariElibrary@gmail.com

੨੭੪. ਜੋ ਮੇਰੇ ਤੇ ਗੁਜਰੀ ਉਹ ਹੋਰ ਕੀ ਜਾਣੇ
ਬੜੀ ਮਾਰ ਖਾਧੀ ਜਾਣੇ ਅਣਜਾਣੇ
ਕੋਈ ਕਿਸੇ ਦਾ ਦਰਦ ਸਮਝ ਨਹੀਂ ਸਕਦਾ
ਸਜਨਾਂ ਕੁਝ ਤੂੰ ਜਾਣੇਂ ਜਾਂ ਰੱਬ ਜਾਣੇਂ

○

੨੭੫. ਹੱਸ ਕੇ ਜਦ ਕਿਸੇ ਨਾਲ ਬਾਤ ਕਰਨੀ ਏਂ
ਫੁੱਲਾਂ ਦੀ ਅਰਸ਼ ਤੋਂ ਬਰਸਾਤ ਕਰਨੀ ਏਂ
ਚਿੱਟੇ ਦੰਦ ਜਦ ਬੁੱਲ੍ਹਾਂ ਤੋਂ ਬਾਹਰ ਆਉਂਦੇ ਨੇ
ਚੰਬੇ ਦੀਆਂ ਕਲੀਆਂ ਨੂੰ ਮਾਤ ਕਰਨੀ ਏਂ

○

੨੭੬. ਮੌਤ ਤੇਰੀ ਦੀ ਯਾਦ ਕੰਡੇ ਵਾਂਗ ਹੈ ਚੁੱਭਦੀ
ਸੂਈ ਵਾਂਗ ਆਣ ਮੇਰੇ ਦਿਲ ਤੇ ਹੈ ਖੁੱਭਦੀ
ਕਿਸਮਤ ਜਦ ਸਾਥ ਨਹੀਂ ਦੇਂਦੀ "ਚੀਮਿਆਂ"
ਕਿਸ਼ਤੀ ਕਿਨਾਰੇ ਤੇ ਪਹੁੰਚ ਕੇ ਹੈ ਡੁੱਬਦੀ

○

੨੭੭. ਦੋਸਤੀ ਦਾ ਅੱਗੋਂ ਹੱਥ ਵਧਾਏ ਕੋਈ
ਮੁਸੀਬਤ ਵਿਚ ਵੀ ਗਲ ਲਗਾਏ ਕੋਈ
ਉਹ ਕਾਹਦਾ ਵਪਾਰ ਹੈ ਚੀਮਾ
ਜੇਕਰ ਮੂਲ ਵੀ ਹੱਥੋਂ ਗਵਾਏ ਕੋਈ

○



Sri Satguru Jagjit Singh Ji eLibrary NamdhariElibrary@gmail.com

੨੭੮. ਸਮੁੰਦਰ 'ਚ ਉੱਠਦੀਆਂ ਤਰੰਗਾਂ ਦਾ ਕੀ ਅੰਤ ਏ
ਬੰਦੇ ਦੀਆਂ ਖਾਹਸਾਂ ਉਮੰਗਾਂ ਦਾ ਕੀ ਅੰਤ ਏ
ਰੱਬ ਬੇਅੰਤ ਹੈ ਬੇਅੰਤ ਹੈ "ਚੀਮਾ"
ਕੁਦਰਤ ਦੇ ਰੰਗਾਂ ਦਾ ਕੀ ਅੰਤ ਏ,

○

੨੭੯. ਉਸ ਦਾ ਜਲਵਾ ਹੈ ਹਰ ਇਨਸਾਨ ਦੇ ਅੰਦਰ
ਹਿੰਦੂ, ਸਿੱਖ, ਈਸਾਈ, ਮੁਸਲਮਾਨ ਦੇ ਅੰਦਰ
ਜਾਤ-ਪਾਤਾਂ ਦੇ ਬੰਧਨ ਏ ਨਿਰਮੂਲ "ਚੀਮਾ"
ਰੱਬ ਵਸਦਾ ਹੈ ਦਿਲਾਂ ਦੇ ਮਕਾਨ ਦੇ ਅੰਦਰ

○

੨੮੦. ਕੌਣ ਨੀਵਾਂ ਤੇ ਕੌਣ ਉੱਚਾ ਏ
ਕੌਣ ਝੂਠਾ ਤੇ ਕੌਣ ਸੁੱਚਾ ਏ
ਜੋ ਵੀ ਬੰਦਾ ਲੁੱਕ ਕੇ ਅਪਰਾਧ ਕਰਦਾ ਏ
ਓਹੀ ਜੱਗ ਵਿਚ "ਚੀਮਿਆਂ" ਮਹਾਨ ਲੁੱਚਾ ਏ

○

੨੮੧. ਜਾਤ-ਪਾਤ ਵੀ ਬੰਦੇ ਦੀ ਆਪਣੀ ਵੰਡ ਏ
ਬੰਦਾ ਤਾਂ ਲਹੂ ਮਾਸ ਹੱਡੀਆਂ ਦੀ ਪੰਡ ਏ
ਸਾਡੇ ਵਿਚ ਰਹਿ ਕੇ ਤੇ ਸਾਨੂੰ ਬੁਰਾ ਕਹੇਂ ਪੰਡਤਾ
ਬਹੁਤ ਚਿਰ ਨਹੀਂ ਚਲਨਾ ਤੇਰਾ ਪਖੰਡ ਏ

○



Sri Satguru Jagjit Singh Ji eLibrary NamdhariElibrary@gmail.com

੨੯੨. ਕਈ ਮਾਸੂਮ ਬੱਚੀਆਂ ਅੱਗ ਵਿਚ ਸੜੀਆਂ
ਕਈ ਗਰੀਬ ਧੀਆਂ ਦਾਜ ਦੀ ਬਲੀ ਚੜ੍ਹੀਆਂ
ਦਹੇਜ ਦੇ ਭੁੱਖਿਆਂ ਨੂੰ ਅਜੇ ਤੱਕ ਹੋਸ਼ ਨਹੀਂ ਆਈ
ਇਨ੍ਹਾਂ ਬੇਸ਼ਰਮਾਂ "ਚੀਮਿਆਂ" ਕੀ ਆਦਤਾਂ ਫੜੀਆਂ

○

੨੯੩. ਜਦੋਂ ਕੋਈ ਨਫਸ ਤੇ ਕਾਬੂ ਪਾ ਲੈਂਦਾ ਹੈ
ਚਾਰੋਂ ਤਰਫ ਆਪਣਾ ਸਿੱਕਾ ਜਮਾ ਲੈਂਦਾ ਹੈ
ਆਚਰਣਹੀਣ ਦਾ "ਚੀਮਾ" ਕੋਈ ਸਤਿਕਾਰ ਨਹੀਂ ਕਰਦਾ
ਆਪਣੇ ਆਪ ਨੂੰ ਹੀ ਨਜ਼ਰਾਂ ਤੋਂ ਗਿਰਾ ਲੈਂਦਾ ਹੈ

○

੨੯੪. ਜੀਵਨ ਦੇ ਇਕ-ਇਕ ਸਵਾਸ ਦਾ
ਪਾ ਕੋਈ ਮੁੱਲ ਨਹੀਂ ਸਕਿਆ

ਸਚਾਈ ਨਾਲ ਝੂਠ
ਕਦੀ ਵੀ ਤੁੱਲ ਨਹੀਂ ਸਕਿਆ

"ਚੀਮਾ" ਖੋਜ ਕਰ ਕਰ ਕੇ
ਕਈ ਵਿਦਵਾਨ ਮਰ ਗਏ ਨੇ

ਮੌਤ ਦਾ ਅਸਰਾਰ
ਕਿਸੇ ਤੋਂ ਖੁੱਲ ਨਹੀਂ ਸਕਿਆ

○



Sri Satguru Jagjit Singh Ji eLibrary NamdhariElibrary@gmail.com

੨੯੫. ਦਰਿਆਵਾਂ ਦੇ ਵਹਿਣਾਂ ਤਿਖਿਆਂ ਨੇ ਵਹਿ ਕੇ ਰਹਿਣਾ ਏ
ਕਾਲੀਆਂ ਘਟਾਂ ਨੇ ਹੁਣ ਤਾਂ ਪੇ ਕੇ ਰਹਿਣਾ ਏ
ਰੇਤ ਦਾ ਬੁਰਜ ਸਦਾ ਨਹੀਂ ਕਾਇਮ ਰਹਿ ਸਕਦਾ
ਏਸ ਨੇ ਤਾਂ "ਚੀਮਿਆਂ" ਢਹਿ ਕੇ ਰਹਿਣਾ ਏ

○

੨੯੬. ਜੀਣਾ ਝੂਠ, ਮਰਨਾ ਇਕ ਅਟੱਲ ਸਚਾਈ ਏ
ਸਦਾ ਲਈ ਜੀਣ ਦੀ ਲੱਭੀ, ਕਿਸੇ ਨੂੰ ਨ ਦਵਾਈ ਏ
ਕਿੱਥੇ ਭੱਜ ਕੇ ਜਾਣਾ ਮੌਤ ਦੇ ਹੱਥ ਲੰਮੇ ਨੇ
ਸ਼ੌਤ "ਚੀਮਾ" ਅੱਜ ਕਲ੍ਹ ਆਈ ਕੇ ਆਈ ਏ

○

੨੯੭. ਮੈਂ ਥੱਕ ਗਿਆ ਯਾਰੋ
ਹੁਣ ਅਰਾਮ ਚਾਹੁੰਦਾ ਹਾਂ
ਮੈਂ ਆਪਣੇ ਸਤਿਗੁਰ ਤੋਂ
ਮਸਤੀਆਂ ਦਾ ਜਾਮ ਚਾਹੁੰਦਾ ਹਾਂ
ਸਿਰ ਕਿਸੇ ਦੇ ਸਾਹਮਣੇ
"ਚੀਮੇ" ਝੁਕਾਇਆ ਨਹੀਂ
ਅੱਜ ਕਰਨੀ ਅਦਬ ਨਾਲ
ਪ੍ਰਨਾਮ ਚਾਹੁੰਦਾ ਹਾਂ

○



Sri Satguru Jagjit Singh Ji eLibrary NamdhariElibrary@gmail.com

੨੮੮. ਸੁੱਖ ਤੇ ਦੁੱਖ ਵਿਚ ਮਨ ਮੇਰੇ, ਤੈਨੂੰ ਤਾਂ ਜੀਣਾ ਪਵੇਗਾ
ਦਾਮਨ ਜੋ ਲੀਰੋ ਲੀਰ ਹੈ, ਇਸ ਨੂੰ ਵੀ ਸੀਨਾ ਪਵੇਗਾ
ਜ਼ਿੰਦਗੀ ਤਾਂ ਬਹੁਤ ਵੱਡੀ, ਜਦੋ-ਜਹਿਦ "ਚੀਮਿਆਂ"
ਤੈਨੂੰ ਖੁਸ਼ੀ ਤੇ ਗਮੀ ਦਾ ਏ ਜ਼ਹਿਰ ਪੀਣਾ ਪਵੇਗਾ

○

੨੮੯. ਚੁੱਪ ਚੁਪੀਤਾ ਆ ਗਿਉਂ ਪੈਰੋਂ ਨ ਕੀਤਾ ਸ਼ੋਰ ਏ
ਤੇਰੀ ਹਕੀਕਤ ਜਾਣ ਲਈ ਵੱਡਾ ਤੂੰ ਚੁਗਲਖੋਰ ਏ
ਤੇਰੇ ਵਰਗੇ ਦੋਗਲੇ ਦਾ ਕੀ ਭਰੋਸਾ "ਚੀਮਿਆਂ"
ਕਦੇ ਤੂੰ ਕੁਝ ਹੋਰ ਏਂ, ਕਦੇ ਤੂੰ ਕੁਝ ਹੋਰ ਏਂ

○

੨੯੦. ਤੇਜ਼ੀ ਨਾਲ ਬਦਲ ਰਹੀ ਹਵਾ ਜ਼ਮਾਨੇ ਦੀ।
ਤਰਜ਼ ਬਦਲਦੀ ਜਾ ਰਹੀ ਏ ਹਰ ਇੱਕ ਤਰਾਨੇ ਦੀ।
ਹੁਸ਼ਿਆਰੀ ਤੋਂ ਤੂੰ ਕੰਮ ਲੈ ਕੁਝ "ਚੀਮਿਆ"
ਟਹਿਣੀ ਡੋਲ ਰਹੀ ਏ, ਤੇਰੇ ਆਸ਼ੀਆਨੇ ਦੀ।

○

੨੯੧. ਅੱਖਾਂ ਨੂੰ ਖੋਲ ਵੇਖ ਲੈ, ਕਿਧਰ ਦਰਵਾਜ਼ਾ ਏ।
ਖਿਲਰ ਜਾਣਾ ਵੇਖ ਲਈ ਤੇਰਾ ਸ਼ੀਰਾਜ਼ਾ ਏ।
ਮੈਨੂੰ ਕਿਉਂ ਤੂੰ ਪੁਛਨੈਂ ਤੂੰ ਸੋਚ ਖੁਦ "ਚੀਮਾ"
ਵਕਤ ਕੀ ਕਹਿੰਦਾ ਏ ਤੇ ਏਦਾਂ ਕੀ ਤਕਾਜ਼ਾ ਏ।

○



Sri Satguru Jagjit Singh Ji eLibrary NamdhariElibrary@gmail.com

੨੯੨. ਦੁਨੀਆਂ ਵਿਚ ਅਸੀਂ, ਕਰ ਨਾ ਕੋਈ ਗੁਣ ਚੱਲੋ ।
ਸੋਚਾਂ ਵਿਚਾਰਾਂ ਦੀ ਹੀ ਕਰ ਉਦੇੜ ਬੁਣ ਚਲੇ ।
ਦੁਨੀਆਂ ਤਾਂ ਭਾਵੇਂ ਨਾ ਸੁੰਦਰ ਬਣ ਸਕੀ
ਕੁਝ ਤਾਂ ਰਾਹਾਂ 'ਚੋਂ ਅਸੀਂ ਖਾਰ ਚੁਣ ਚੱਲੇ ।

○

੨੯੩. ਬਹੁਤ ਲੰਮੀ ਰਾਤ ਹੈ ਕੁਝ ਘੱਟ ਕਰ ਸੌਣਾ ।
ਚਿੜੀਆਂ ਨੇ ਚੁਣਿਆ ਖੇਤ, ਪਿਛੋਂ ਪਊਗਾ ਪਛਤਾਉਣਾ ।
ਨਾਮ ਜਪ ਕੇ ਜਨਮ ਤੂੰ ਸਵਾਰ ਲੈ 'ਚੀਮਾ''
ਵਕਤ ਜਿਹੜਾ ਲੰਘ ਗਿਆ ਉਹ ਫੇਰ ਹੱਥ ਨਹੀਂ ਆਉਣਾ ।

○

੨੯੪. ਮੈਨੂੰ ਮੱਤ ਦੁਆ ਦੇਵੋ ਕਿ ਮੈਂ ਬਹੁਤ ਚਿਰ ਜੀਵਾਂ ।
ਜੋ ਤਾਰ ਤਾਰ ਹੋ ਗਿਆ ਗਿਰਬਾਨ ਕੀ ਸੀਵਾਂ ।
ਫੁੱਲ ਵਾਂਗੂ ਜ਼ਿੰਦਗੀ ਥੋੜੀ ਬੜੀ ਹੈ "ਚੀਮਿਆ"
ਲੰਮੀ ਉਮਰ ਦੁੱਖ ਦੀ ਜੀਵਾਂ ਤਾਂ ਕੀ ਜੀਵਾਂ ।

○



Sri Satguru Jagjit Singh Ji eLibrary NamdhariElibrary@gmail.com

੨੯੫. ਗਰੀਬੀ ਵਿੱਚ ਕਿਸੇ ਦੀ ਅੱਖ
ਬਦਲ ਜਿਉਂ ਬਰਸਦੀ ਏ।
ਕਿਸੇ ਦੇ ਤਨ ਨਹੀਂ ਲੀੜਾ
ਕੋਈ ਰੋਟੀ ਨੂੰ ਤਰਸਦੀ ਏ।
ਕਈ ਮਹਿਲਾਂ 'ਚ ਸੋਹਣੀਆਂ
ਸੇਜਾਂ ਤੇ ਲੇਟੇ ਹਨ।
ਕਿਸੇ ਦੀ ਦੀ ਟੱਪਰੀ ਵੀ "ਚੀਮਿਆ"
ਕੱਚੇ ਫਰਸ਼ ਦੀ ਏ।

○

੨੯੬. ਕਵਿਤਾ ਬਿਆਨ ਕਰਨੀ
ਜਿਗਰ ਦਾ ਖੂਨ ਚੋਣਾਂ ਏ।
ਹਨੇਰਾ ਢੋਣ ਨਹੀਂ ਦੇਂਦਾ
ਨਾ ਸ਼ਾਇਰ ਆਪ ਢੋਣਾ ਏ।
ਕਵਿਤਾ ਮੁਰਦਿਆਂ ਰੂਹਾਂ ਨੂੰ
ਮੁੜ ਸੁਰਜੀਤ ਕਰਦੀ ਏ।
ਇਸ ਦਾ ਕੰਮ "ਚੀਮਾ"
ਕੌਮ ਸੁੱਤੀ ਨੂੰ ਜਗਾਉਣਾ ਏ।

○

੨੯੭. ਸ਼ਾਇਰ ਜੋ ਲਿਖਦਾ ਉਹ ਜੱਗ ਦੀ ਕਹਾਣੀ ਏ।
ਡੱਕ ਦੇਂਦਾ ਕੂੱਜੇ ਵਿੱਚ ਸਮੁੰਦਰ ਦਾ ਪਾਣੀ ਏ।
ਆਪਣੇ ਆਪ ਕੋਈ ਅੱਖਰ ਸ਼ਾਇਰ ਲਿਖ ਨਹੀਂ ਸਕਦਾ।
ਜੋ ਕੁਝ ਲਿਖ ਰਿਹਾ "ਚੀਮਾ" ਇਹ ਸਭ ਅਕਾਸ਼ਬਾਣੀ ਏ।

○



Sri Satguru Jagjit Singh Ji eLibrary NamdhariElibrary@gmail.com

੨੯੮. ਜੋ ਕਰਨਾ ਹੈ ਉਹ ਝੱਟਪੱਟ ਕਰੋ ।
ਸੱਚ ਬੋਲਣ ਤੋਂ ਨਾ ਹਰਗਿਜ਼ 'ਡਰੋ ।
ਇਹ ਵੀ ਇਕ ਅਬਾਦਤ ਹੈ ਚੀਮਾ
ਦੇਸ਼ ਲਈ ਜੀਓ, ਦੇਸ਼ ਲਈ ਮਰੋ ।

○

੨੯੯. ਤੇਰੇ ਦਰ ਨੂੰ ਛੱਡ ਕੇ ਕੇਹੜੇ ਦਰ ਤੇ ਜਾਵਾਂ ।
ਕਿਸ ਨੂੰ ਮੈਂ ਦਰਦਾਂ ਦੀ ਵਿਥਿਆ ਸੁਣਾਵਾਂ ।
ਮਿਲਦੀ ਏ ਸ਼ਾਂਤੀ ਤੇ ਠੰਡਕ ਮਨ ਨੂੰ ।
ਤੇਰੇ ਦਰ ਦੀ ਧੂੜੀ ਜਦ ਮਸਤਕ ਤੇ ਲਾਵਾਂ ।

○

੩੦੦. ਕਈ ਦੁੱਧ ਪੁੱਤਰ ਤੇਥੋਂ ਲੈਣ ਆਵਣ ।
ਕਈ ਮਨ ਇੱਛਾ ਪਦਾਰਥ ਨੂੰ ਪਾਵਣ ।
ਤੇਰੇ ਆਸ਼ਕਾਂ ਦੀ ਤਮੰਨਾ ਨਹੀਂ ਕੋਈ ।
ਤੇਰੇ ਦਰ ਤੇ ਆਉਂਦੇ ਨੇ ਸਿਰ ਨੂੰ ਝੁਕਾਵਣ ।

○



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਪ੍ਰਿੰ. ਅਜੀਤ ਸਿੰਘ ਚੀਮਾ

Sri Satguru Jagjit Singh Ji eLibrary NamdhariElibrary@gmail.com